ਸ਼੍ਰੋਮਣੀ ਅਕਾਲੀ ਦਲ

# ਗੱਲ ਰਾਜ ਦੀ ਨਹੀਂ
# ਗੱਲ ਪੰਜਾਬ ਦੀ

## ਚੋਣ ਮਨੋਰਥ ਪੱਤਰ-2022





"ਮੈਨੂੰ ਬਹੁਤ ਖੁਸ਼ੀ ਹੈ ਕਿ ਅਕਾਲੀ-ਬਸਪਾ ਗੱਠਜੋੜ ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬੀਆਂ ਦੇ ਹੱਕਾਂ, ਗਰੀਬਾਂ ਦੀ ਤਰੱਕੀ ਅਤੇ ਬਿਹਤਰੀ, ਘੱਟ ਗਿਣਤੀਆਂ ਦੀ ਸੁਰੱਖਿਆ, ਵੱਖ-ਵੱਖ ਭਾਈਚਾਰਿਆਂ ਸਮੇਤ ਸੂਬੇ ਦੇ ਸਰਹੱਦੀ ਖੇਤਰ ਦੇ ਲੋਕਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ।

ਪੰਜਾਬ ਵਿੱਚ ਪਿਛਲੀ ਅਕਾਲੀ ਸਰਕਾਰ ਸਮੇਂ ਬੇਮਿਸਾਲ ਵਿਕਾਸ ਹੋਇਆ ਹੈ। ਜਦੋਂ ਪੰਜਾਬ ਨੂੰ ਬਿਜਲੀ ਸਰਪਲੱਸ ਬਣਾਇਆ ਗਿਆ ਤੇ 4/6 ਲੇਨ ਸੜਕਾਂ-ਹਾਈਵੇਅ, ਅੰਤਰਰਾਸ਼ਟਰੀ ਹਵਾਈ ਅੱਡੇ, ਮੈਰੀਟੋਰੀਅਸ ਸਕੂਲ ਅਤੇ ਗਰੀਬਾਂ ਲਈ 'ਸਸਤਾ ਆਟਾ-ਦਾਲ਼' - ਇਹ ਸਭ ਮੁਹੱਈਆ ਕਰਵਾਇਆ ਗਿਆ।

ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਕਾਲੀ-ਬਸਪਾ ਗੱਠਜੋੜ ਨਵੇਂ ਜੋਸ਼ ਅਤੇ ਜਨੂੰਨ ਨਾਲ ਪੰਜਾਬ ਦੇ ਸਰਵ-ਪੱਖੀ ਵਿਕਾਸ ਦੇ ਨਾਲ-ਨਾਲ ਹਰ ਪੰਜਾਬੀ ਦੀ ਨਿੱਜੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰੇਗਾ ਅਤੇ ਚੋਣ ਮਨੋਰਥ ਪੱਤਰ ਵਿੱਚ ਸ਼ਾਮਿਲ ਹਰ ਇੱਕ ਵਾਅਦੇ ਨੂੰ ਲਾਗੂ ਕਰਨ ਲਈ ਮੈਂ ਖੁਦ ਜ਼ਾਮਨ ਹੋਵਾਂਗਾ।"

**ਸ. ਪ੍ਰਕਾਸ਼ ਸਿੰਘ ਬਾਦਲ**

“

ਮੈਨੂੰ ਬਹੁਤ ਖੁਸ਼ੀ ਹੈ ਕਿ ਅਕਾਲੀ-ਬਸਪਾ ਗੱਠਜੋੜ ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਆਪਣਾ ਚੋਣ ਮਨੋਰਥ ਪੱਤਰ ਜਾਰੀ ਕਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਪੰਜਾਬੀਆਂ ਦੇ ਹੱਕਾਂ, ਗਰੀਬਾਂ ਦੀ ਤਰੱਕੀ ਅਤੇ ਬਿਹਤਰੀ, ਘੱਟ ਗਿਣਤੀਆਂ ਦੀ ਸੁਰੱਖਿਆ, ਵੱਖ-ਵੱਖ ਭਾਈਚਾਰਿਆਂ ਸਮੇਤ ਸੂਬੇ ਦੇ ਸਰਹੱਦੀ ਖੇਤਰ ਦੇ ਲੋਕਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ।

ਪੰਜਾਬ ਵਿੱਚ ਪਿਛਲੀ ਅਕਾਲੀ ਸਰਕਾਰ ਸਮੇਂ ਬੇਮਿਸਾਲ ਵਿਕਾਸ ਹੋਇਆ ਹੈ। ਜਦੋਂ ਪੰਜਾਬ ਨੂੰ ਬਿਜਲੀ ਸਰਪਲੱਸ ਬਣਾਇਆ ਗਿਆ ਤੇ 4/6 ਲੇਨ ਸੜਕਾਂ-ਹਾਈਵੇਅ, ਅੰਤਰਰਾਸ਼ਟਰੀ ਹਵਾਈ ਅੱਡੇ, ਮੈਰੀਟੋਰੀਅਸ ਸਕੂਲ ਅਤੇ ਗਰੀਬਾਂ ਲਈ 'ਸਸਤਾ ਆਟਾ-ਦਾਲ਼' - ਇਹ ਸਭ ਮੁਹੱਈਆ ਕਰਵਾਇਆ ਗਿਆ।

ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਅਕਾਲੀ-ਬਸਪਾ ਗੱਠਜੋੜ ਨਵੇਂ ਜੋਸ਼ ਅਤੇ ਜਨੂੰਨ ਨਾਲ ਪੰਜਾਬ ਦੇ ਸਰਵ-ਪੱਖੀ ਵਿਕਾਸ ਦੇ ਨਾਲ-ਨਾਲ ਹਰ ਪੰਜਾਬੀ ਦੀ ਨਿੱਜੀ ਤਰੱਕੀ ਤੇ ਖੁਸ਼ਹਾਲੀ ਲਈ ਕੰਮ ਕਰੇਗਾ ਅਤੇ ਚੋਣ ਮਨੋਰਥ ਪੱਤਰ ਵਿੱਚ ਸ਼ਾਮਿਲ ਹਰ ਇੱਕ ਵਾਅਦੇ ਨੂੰ ਲਾਗੂ ਕਰਨ ਲਈ ਮੈਂ ਖੁਦ ਜ਼ਾਮਨ ਹੋਵਾਂਗਾ।

”

**ਕੁਮਾਰੀ ਮਾਇਆਵਤੀ**



“

ਅਸੀਂ ਜੋ ਅੱਜ ਤੁਹਾਡੇ ਸਾਹਮਣੇ ਰੱਖ ਰਹੇ ਹਾਂ, ਇਹ ਸਿਰਫ਼ ਇੱਕ ਚੋਣ ਮਨੋਰਥ ਪੱਤਰ ਨਹੀਂ ਹੈ। ਇਹ ਪੰਜਾਬੀਆਂ ਦੀ ਭਲਾਈ, ਵਿਕਾਸ ਅਤੇ ਤਰੱਕੀ ਲਈ ਸਾਡੀ ਵਚਨਬੱਧਤਾ ਹੈ। ਸ਼੍ਰੋਮਣੀ ਅਕਾਲੀ ਦਲ ਨੇ ਅੱਜ ਤੱਕ ਜੋ ਵੀ ਵਾਅਦਾ ਪੰਜਾਬੀਆਂ ਨਾਲ ਕੀਤਾ ਹੈ, ਉਹ ਹਮੇਸ਼ਾ ਪੂਰਾ ਕੀਤਾ ਹੈ। ਇੱਥੋਂ ਤੱਕ ਅਸੀਂ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਲਈ ਉਹ ਕੁਝ ਵੀ ਕੀਤਾ, ਜਿਸ ਦਾ ਅਸੀਂ ਵਾਅਦਾ ਤੱਕ ਵੀ ਨਹੀਂ ਕੀਤਾ ਸੀ।

ਪੰਜਾਬ ਲਈ ਸਾਡੀ ਦੂਰ ਅੰਦੇਸ਼ੀ ਸੋਚ –

ਕਿਸੇ ਪੰਜਾਬੀ ਨੂੰ ਵੀ ਸਿਰ 'ਤੇ ਬਿਨਾਂ ਛੱਤ, ਢਿੱਡ 'ਚ ਬਿਨਾਂ ਰੋਟੀ ਅਤੇ ਜੇਬ 'ਚ ਬਿਨਾਂ ਪੈਸੇ ਤੋਂ ਨਹੀਂ ਸੌਣ ਦੇਵਾਂਗੇ। 'ਸਰਬੱਤ ਦਾ ਭਲਾ' ਦਾ ਫਲਸਫ਼ਾ ਸਹੀ ਭਾਵਨਾ ਨਾਲ ਲਾਗੂ ਹੋਵੇਗਾ ਜਿਸ ਅਨੁਸਾਰ ਪੰਜਾਬ ਦੇ ਬਾਕੀ ਵਰਗਾਂ ਵਾਂਗ ਕਮਜ਼ੋਰ ਅਤੇ ਗਰੀਬ ਵਰਗ ਲਈ ਵੀ ਬਰਾਬਰ ਦੇ ਮੌਕੇ ਮੁਹਈਆ ਕਰਵਾਏ ਜਾਣਗੇ। ਕੋਈ ਵੀ ਗਰੀਬ ਘਰ ਦਾ ਵਿਦਿਆਰਥੀ ਪੈਸੇ ਖੁਣੋਂ ਪੜ੍ਹਾਈ ਤੋਂ ਵਾਂਝਾ ਨਹੀਂ ਰਹੇਗਾ, ਕੋਈ ਵੀ ਲੋੜਵੰਦ ਪਰਿਵਾਰ ਦੀ ਮੁਖੀ ਔਰਤ ਰੋਜ਼ਾਨਾ ਦੀਆਂ ਲੋੜਾਂ ਪੂਰੀਆਂ ਕਰਨ ਲਈ ਘਰ ਦੇ ਮੋਢੀ ਮਰਦ 'ਤੇ ਨਿਰਭਰ ਨਹੀਂ ਹੋਵੇਗੀ, ਕੋਈ ਵੀ ਕਿਸਾਨ ਭਰਾ ਧਰਨਿਆਂ ਤੇ ਬੈਠਣ ਲਈ ਮਜਬੂਰ ਨਹੀਂ ਹੋਵੇਗਾ।



ਅਸੀਂ ਆਪਣੇ ਯਤਨਾਂ ਨੂੰ ਜਾਰੀ ਰੱਖਦੇ ਹੋਏ ਸਰਕਾਰ 'ਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਬਿਨਾਂ ਕਿਸੇ ਸਰਕਾਰੀ ਅਧਿਕਾਰੀ ਦੇ ਦਖਲ ਤੋਂ ਸੁਵਿਧਾ ਕੇਂਦਰਾਂ ਸਮੇਤ ਹਰ ਸਹੂਲਤ ਨੂੰ ਤੁਹਾਡੇ ਹੱਥਾਂ ਦਰਵਾਜ਼ੇ ਵਿੱਚ ਪਹੁੰਚਾਵਾਂਗੇ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਪੰਜਾਬ ਬਹੁਤ ਬਿਹਤਰ ਵਤੀਰੇ ਦਾ ਹੱਕਦਾਰ ਹੈ। ਪੰਜਾਬ ਦੇ ਹਰ ਨਾਗਰਿਕ ਨੂੰ ਪੰਜਾਬੀ ਹੋਣ ਦੇ ਮਾਣ ਨੂੰ ਅਸੀਂ ਮੁੜ ਤੋਂ ਪੂਰਨ ਤੌਰ 'ਤੇ ਬਹਾਲ ਕਰਾਂਗੇ। ਪੰਜਾਬ ਨੂੰ ਇੱਕ ਬਿਹਤਰ ਅਤੇ ਵਧੀਆ ਸੂਬਾ ਬਣਾਉਣ ਲਈ ਸਾਨੂੰ ਤੁਹਾਡੇ ਸਾਥ ਅਤੇ ਸਮਰਥਨ ਦੀ ਲੋੜ ਹੈ।ਸਾਨੂੰ ਵਿਸ਼ਵਾਸ ਹੈ ਕਿ ਬਿਹਤਰ ਅਤੇ ਖੁਸ਼ਹਾਲ ਪੰਜਾਬ ਬਣਾਉਣ ਵਿੱਚ ਤੁਸੀਂ ਸਾਡੇ ਮੋਢੇ ਨਾਲ ਮੋਢਾ ਲਾ ਕੇ ਖੜੋਗੇ।

”

**ਸ. ਸੁਖਬੀਰ ਸਿੰਘ ਬਾਦਲ**

ਸ਼੍ਰੋਮਣੀ
ਅਕਾਲੀ
ਦਲ

# ਸਿਆਸੀ

## ਸਾਫ਼ | ਪਾਰਦਰਸ਼ੀ | ਜਵਾਬਦੇਹ

# ਸਰਕਾਰ

ਸ਼੍ਰੋਮਣੀ ਅਕਾਲੀ ਦਲ ਖਾਲਸਾ ਪੰਥ, ਮਹਾਨ ਗੁਰੂ ਸਾਹਿਬਾਨ, ਰਿਸ਼ੀਆਂ ਮੁਨੀਆਂ ਅਤੇ ਪੀਰਾਂ ਪੈਗੰਬਰਾਂ ਦੇ ਪਾਵਨ ਅਤੇ ਮਹਾਨ ਅਸੂਲਾਂ ਨਾਲ ਪ੍ਰਣਾਏ ਸਿਰਲੱਥ ਤੇ ਜਾਂ-ਬਾਜ਼ ਯੋਧਿਆਂ ਦੀ ਸਿਰਮੌਰ ਅਤੇ ਵਾਹਿਦ ਨੁਮਾਇੰਦਾ ਜਥੇਬੰਦੀ ਹੈ, ਜੋ ਖਾਲਸਾ ਪੰਥ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਹਿੱਤਾਂ ਦੀ ਰਖਵਾਲੀ ਲਈ ਜੱਦੋ-ਜਹਿਦ ਵਿੱਚ ਹਮੇਸ਼ਾਂ ਪਹਿਲੀ ਕਤਾਰ ਵਿੱਚ ਰਹੀ ਹੈ।

ਪਾਰਟੀ ਦੇਸ਼ ਵਿੱਚ ਸੱਚੇ ਅਰਥਾਂ ਵਿੱਚ ਫੈਡਰਲ ਢਾਂਚੇ ਦੀ ਹਾਮੀ ਹੈ ਅਤੇ ਸੂਬਿਆਂ ਲਈ ਵੱਧ ਵਿੱਤੀ ਅਤੇ ਰਾਜਨੀਤਕ ਅੰਦਰੂਨੀ ਖੁਦਮੁਖਤਿਆਰੀ ਲਈ ਜੂਝਦੀ ਆਈ ਹੈ। ਪਾਰਟੀ ਦਾ ਦ੍ਰਿੜ ਵਿਸ਼ਵਾਸ ਹੈ ਕਿ ਸਾਡਾ ਦੇਸ਼ ਇੱਕ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਪੱਖੀ ਸੱਭਿਆਚਾਰ ਵਾਲਾ ਦੇਸ਼ ਹੋਣ ਕਾਰਨ, ਸੰਘੀ ਢਾਂਚਾ ਹੀ ਦੇਸ਼ ਨੂੰ ਮਜ਼ਬੂਤ ਰੱਖ ਸਕਦਾ ਹੈ। ਸੂਬਿਆਂ ਦੀਆਂ ਸਰਕਾਰਾਂ ਅਪਣੇ ਲੋਕਾਂ ਦੀਆਂ ਸਮੱਸਿਆਵਾਂ ਸਮਝਣ ਅਤੇ ਉਨ੍ਹਾਂ ਦੇ ਹੱਲ ਕੱਢਣ ਲਈ ਸਭ ਤੋਂ ਬਿਹਤਰ ਸਥਿਤੀ ਵਿੱਚ ਹੁੰਦੀਆਂ ਹਨ, ਇਸ ਲਈ ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਬਗੈਰ ਦੇਸ਼ ਦੇ ਅਲੱਗ-ਅਲੱਗ ਹਿੱਸਿਆ ਵਿੱਚ ਰਹਿੰਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਸੰਭਵ ਨਹੀਂ।

ਸ਼੍ਰੋਮਣੀ ਅਕਾਲੀ ਦਲ ਪੰਜਾਬ ਤੇ ਪੰਜਾਬੀਆਂ ਦੀ ਵਾਹਿਦ ਨੁਮਾਇੰਦਾ ਜਥੇਬੰਦੀ ਵੱਜੋਂ ਪੰਜਾਬ ਤੇ ਪੰਜਾਬੀਆਂ ਨਾਲ ਹੋਏ ਧਾਰਮਿਕ, ਰਾਜਨੀਤਕ, ਆਰਥਿਕ ਵਿਤਕਰੇ ਖ਼ਿਲਾਫ਼ ਲੜਾਈ ਲੜਦਾ ਆਇਆ ਹੈ।

ਪਾਰਟੀ ਪੰਜਾਬ ਦੇ ਦਰਿਆਈ ਪਾਣੀਆਂ ਦੇ ਮਸਲੇ ਦਾ ਹੱਲ ਕੇਵਲ ਤੇ ਕੇਵਲ ਰਾਈਪੇਰੀਅਨ ਸਿਧਾਂਤਾਂ ਅਧੀਨ ਕਰਵਾਉਣ ਲਈ ਆਪਣੇ ਸੰਘਰਸ਼ ਨੂੰ ਹਰ ਪੱਧਰ 'ਤੇ ਅੱਗੇ ਵਧਾਏਗੀ।

ਇਸੇ ਤਰਾਂ ਚੰਡੀਗੜ੍ਹ ਸਮੇਤ ਪੰਜਾਬੀ ਬੋਲਦੇ ਇਲਾਕੇ ਜਿਨ੍ਹਾਂ ਨੂੰ ਇੱਕ ਗਿਣੀ-ਮਿੱਥੀ ਸਾਜ਼ਿਸ਼ ਹੇਠ ਪੰਜਾਬ ਤੋਂ ਬਾਹਰ ਰੱਖਿਆ ਗਿਆ ਹੈ, ਉਨ੍ਹਾਂ ਨੂੰ ਪੰਜਾਬ ਵਿੱਚ ਸ਼ਾਮਿਲ ਕਰਵਾਉਣ ਲਈ ਹੋਰ ਉਪਰਾਲੇ ਕੀਤੇ ਜਾਣਗੇ।

1984 ਵਿੱਚ ਕਾਂਗਰਸ ਪਾਰਟੀ ਦੇ ਦਰਿੰਦਿਆਂ ਵੱਲੋਂ ਉਸ ਵੇਲੇ ਦੀ ਕਾਂਗਰਸੀ ਸਰਕਾਰ ਦੀ ਸ਼ਹਿ ਅਤੇ ਮਿਲੀ-ਭੁਗਤ ਨਾਲ ਹਜ਼ਾਰਾਂ ਬੇਗੁਨਾਹ ਸਿੱਖਾਂ ਦੀ ਨਸਲਕੁਸ਼ੀ ਕੀਤੀ, ਜਿਸ ਦਾ ਅੱਜ ਤੱਕ ਵੀ ਇਨਸਾਫ਼ ਨਹੀਂ ਮਿਲਿਆ। ਜਗਦੀਸ਼ ਟਾਈਟਲਰ ਵਰਗੇ ਦੋਸ਼ੀ ਹਾਲੇ ਵੀ ਸਿਰਫ ਖੁੱਲੇ-ਆਮ ਘੁੰਮ ਹੀ ਨਹੀਂ ਰਹੇ, ਬਲਕਿ ਉਨ੍ਹਾਂ ਨੂੰ ਕਾਂਗਰਸ ਪਾਰਟੀ ਵੱਲੋਂ ਵੱਡੇ ਅਹੁਦੇ ਦੇ ਕੇ ਨਿਵਾਜਿਆ ਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਸਮੇਤ ਪੰਜਾਬ ਦੇ ਸਾਰੇ ਕਾਂਗਰਸੀ ਆਗੂਆਂ ਦੀ ਜ਼ਮੀਰ ਸਿੱਖ ਕੌਮ ਦੇ ਜ਼ਖਮਾਂ ਵਿੱਚ ਇਸ ਤਰਾਂ ਦਿਨ ਦਿਹਾੜੇ ਨਮਕ ਛਿੜਕਣ ਤੇ ਵੀ ਟੱਸ ਤੋਂ ਮੱਸ ਨਹੀਂ ਹੁੰਦੀ। ਸ਼੍ਰੋਮਣੀ ਅਕਾਲੀ ਦਲ ਇਸ ਨਸਲਕੁਸ਼ੀ ਦੇ ਲਈ ਜ਼ੁੰਮੇਵਾਰ ਕਾਤਲ ਗਿਰੋਹਾਂ ਅਤੇ ਉਨ੍ਹਾਂ ਦੇ ਆਕਾਵਾਂ ਨੂੰ ਸਜ਼ਾਵਾਂ ਦੁਆਉਣ ਲਈ ਆਪਣਾ ਸੰਘਰਸ਼ ਜਾਰੀ ਰੱਖੇਗਾ। ਇਸੇ ਤਰਾਂ ਪੀੜਤ ਪਰਿਵਾਰਾਂ ਨੂੰ ਰਾਹਤ ਦੁਆਉਣ ਲਈ ਯਤਨ ਹੋਰ ਤੇਜ਼ ਕੀਤੇ ਜਾਣਗੇ।

ਸ਼੍ਰੋਮਣੀ ਅਕਾਲੀ ਦਲ ਦਿੱਲੀ ਸਮੇਤ ਪੰਜਾਬ ਦੇ ਗੁਆਂਢੀ ਸੂਬਿਆਂ ਵਿੱਚ ਪੰਜਾਬੀ ਮਾਂ ਬੋਲੀ ਨੂੰ ਦੂਸਰੀ ਬੋਲੀ ਦੇ ਰੂਪ ਵਿੱਚ ਲਾਗੂ ਕਰਵਾ ਕੇ ਉਸਦਾ ਬਣਦਾ ਸਤਿਕਾਰ ਦੁਆਉਣ ਲਈ ਆਪਣੇ ਯਤਨ ਹੋਰ ਤੇਜ਼ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਦੇਸ਼ ਵਿੱਚ ਘੱਟ-ਗਿਣਤੀਆਂ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਆਪਣੇ ਯਤਨਾ ਨੂੰ ਹੋਰ ਤੇਜ਼ ਕਰੇਗਾ।

ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਨੇ ਹਮੇਸ਼ਾ ਹੀ ਪੰਜਾਬ ਨੂੰ ਦੇਸ਼ ਅਤੇ ਦਨੀਆਂ ਦਾ ਮੋਹਰੀ ਸੂਬਾ ਬਣਾਉਣ ਲਈ ਅਤੇ ਪੰਜਾਬੀਆਂ ਦੀ ਖੁਸ਼ਹਾਲੀ ਅਤੇ ਤਰੱਕੀ ਨੂੰ ਵਿਸ਼ਵ ਪੱਧਰੀ ਲੀਹਾਂ 'ਤੇ ਅੱਗੇ ਵਧਾਉਣ ਲਈ ਠੋਸ ਪਹਿਲਕਦਮੀਆਂ ਕੀਤੀਆਂ ਹਨ। ਪਾਰਟੀ ਦੀਆਂ ਸਰਕਾਰਾਂ ਨੇ ਸੂਬੇ ਦੇ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਸਰਵਪੱਖੀ ਵਿਕਾਸ ਲਈ ਇਨਕਲਾਬੀ ਪਹਿਲਕਦਮੀ ਕਰਕੇ ਇਸ ਅਮਲ ਵਿੱਚ ਇੱਕ ਨਵੀਂ ਰਵਾਨਗੀ ਲਿਆਏਗੀ।

2007 ਤੋਂ 2017 ਤੱਕ ਪਾਰਟੀ ਦੀਆਂ ਸਰਕਾਰਾਂ ਵੱਲੋਂ ਸੜਕੀ ਅਤੇ ਹਵਾਈ ਅਵਾਜਾਈ ਨੂੰ ਵਿਸ਼ਵ ਪੱਧਰੀ ਬਣਾਉਣ ਲਈ ਜੋ ਠੋਸ ਕਦਮ ਚੁੱਕੇ ਹਨ, ਉਨ੍ਹਾਂ ਦੀ ਹਰ ਪਾਸਿਓਂ ਸ਼ਲਾਘਾ ਹੋਈ ਹੈ। ਪਾਰਟੀ ਦੀ ਸਰਕਾਰ ਬਣਨ 'ਤੇ ਸੂਬੇ ਅੰਦਰ ਵਿਸ਼ਵ ਪੱਧਰੀ ਮੁੱਢਲੇ ਢਾਂਚੇ ਨੂੰ ਆਧੁਨਿਕ ਅਤੇ ਵਿਸ਼ਵ ਪੱਧਰੀ ਬਣਾਉਣ ਲਈ ਹੋਰ ਵੀ ਤੇਜ਼ੀ ਲਿਆਂਉਂਦੀ ਜਾਏਗੀ।

ਸੂਬੇ ਵਿੱਚ ਵਿਕਾਸ, ਤਰੱਕੀ ਅਤੇ ਖੁਸ਼ਹਾਲੀ ਦੀ ਲਹਿਰ ਖੜੀ ਕਰਨ ਅਤੇ ਪੰਜਾਬ ਨੂੰ ਸੜਕਾਂ, ਸਿੱਖਿਆ, ਸਿਹਤ, ਬੁਨਿਆਦੀ ਸਹੂਲਤਾਂ, ਸਮਾਜਕਿ ਸੁਰੱਖਿਆ ਤੇ ਭਲਾਈ ਅਤੇ ਆਰਥਿਕਤਾ ਪੱਖੋਂ ਦੇਸ਼ ਵਿੱਚ ਇੱਕ ਮਾਡਲ ਸੂਬਾ ਬਣਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਆਪਣੀ ਭਾਈਵਾਲ ਪਾਰਟੀ ਬਹੁਜਨ ਸਮਾਜ ਪਾਰਟੀ ਨਾਲ ਮਿਲ ਕੇ ਸਮਾਜ ਦੇ ਹਰ ਵਰਗ ਲਈ ਇੱਕ ਵਿਆਪਕ ਤੇ ਸਰਵਪੱਖੀ ਏਜੰਡਾ ਤਿਆਰ ਕੀਤਾ ਹੈ ਜੋ ਇਸ ਤਰ੍ਹਾਂ ਹੈ।

# ਪੰਜਾਬ ਦੀਆਂ ਮੰਗਾਂ

01 ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕਿਆਂ ਨੂੰ ਪੰਜਾਬ ਵਿੱਚ ਤਬਦੀਲ ਕਰਨਾ

02 ਪੰਜਾਬ ਦੇ ਦਰਿਆਈ ਪਾਣੀਆਂ ਦਾ ਮਸਲਾ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕੀਤਾ ਜਾਵੇ

03 ਸਜ਼ਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ

04 ਪੰਜਾਬ ਨੂੰ ਟੈਕਸ ਵੰਡ ਵਿੱਚ ਵੱਡਾ ਹਿੱਸਾ ਦੇਣਾ

05 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਮਿਸਾਲੀ ਸਜ਼ਾ ਦੇਣਾ

06 ਮਾਂ-ਬੋਲੀ ਪੰਜਾਬੀ ਦਾ ਮਾਣ ਕਾਇਮ ਰੱਖਣਾ ਨਾਲ ਹੀ ਹਰਿਆਣਾ, ਦਿੱਲੀ ਅਤੇ ਹਿਮਾਚਲ ਪ੍ਰਦੇਸ਼ ਵਿੱਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦਿਵਾਉਣਾ



ਕੱਚੇ ਘਰਾਂ ਵਾਲਿਆਂ ਨੂੰ ਸਰਕਾਰ ਦੇਵੇਗੀ

# 5 ਲੱਖ

## ਪੱਕੇ ਮਕਾਨ

ਬੇਘਰੇ ਪਰਿਵਾਰਾਂ ਲਈ

# 5 ਮਰਲੇ ਦੇ

## ਮੁਫ਼ਤ ਪਲਾਟ



# ਸੂਰਜੀ ਊਰਜਾ ਇਨਕਲਾਬ

ਰਾਹੀਂ ਹੋਵੇਗਾ

## ਜ਼ੀਰੋ ਬਿਜਲੀ ਬਿੱਲ



# ਦੋ ਉੱਪ ਮੁੱਖ-ਮੰਤਰੀ

(ਇੱਕ ਹਿੰਦੂ ਭਾਈਚਾਰੇ ਤੋਂ ਅਤੇ ਇੱਕ ਦਲਿਤ ਭਾਈਚਾਰੇ ਤੋਂ)

## ਸਿੱਧੇ ਲਾਭ

ਨੀਲੇ ਕਾਰਡ ਧਾਰਕ
ਪਰਿਵਾਰਾਂ ਦੀਆਂ ਮੁਖੀ ਔਰਤਾਂ
ਨੂੰ 2 ਹਜ਼ਾਰ ਰੁਪਏ ਪ੍ਰਤੀ ਮਹੀਨਾ





ਹਰ ਘਰ ਲਈ 800 ਯੂਨਿਟ
ਮੁਫ਼ਤ ਬਿਜਲੀ ਪ੍ਰਤੀ ਬਿੱਲ

ਸਾਰਿਆਂ ਲਈ 10 ਲੱਖ ਰੁਪਏ
ਦਾ ਸਿਹਤ ਬੀਮਾ





ਹਰ ਜ਼ਿਲ੍ਹੇ ਵਿੱਚ ਸੁਪਰ ਸਪੈਸ਼ਲਿਟੀ
ਸੁਵਿਧਾਵਾਂ ਵਾਲਾ 500 ਬੈੱਡ ਦਾ
ਸਰਕਾਰੀ ਮੈਡੀਕਲ ਕਾਲਜ ਅਤੇ
ਹਸਪਤਾਲ

ਵਿਦਿਆਰਥੀ ਕਾਰਡ-
10 ਲੱਖ ਰੁਪਏ



ਸ਼ਗਨ ਸਕੀਮ
75 ਹਜ਼ਾਰ ਰੁਪਏ





ਬੁਢਾਪਾ ਪੈਨਸ਼ਨ
3100 ਰੁਪਏ ਪ੍ਰਤੀ ਮਹੀਨਾ

7ਵੇਂ ਤਨਖ਼ਾਹ-ਕਮਿਸ਼ਨ ਦੀਆਂ
ਤਰੁੱਟੀਆਂ ਦੂਰ ਕਰਕੇ ਸਿਫ਼ਾਰਿਸ਼ਾਂ
ਹੋਣਗੀਆਂ ਲਾਗੂ





ਗ਼ਰੀਬ ਅਤੇ ਲੋੜਵੰਦ
ਪਰਿਵਾਰਾਂ ਲਈ ਨੀਲੇ ਕਾਰਡ

ਸਰਕਾਰੀ ਕਰਮਚਾਰੀਆਂ ਲਈ
2004 ਵਾਲੀ ਪੈਨਸ਼ਨ ਸਕੀਮ
ਦੀ ਪੁਨਰ-ਸੁਰਜੀਤੀ





ਠੇਕਾ ਅਧਾਰਿਤ/ਆਉਟਸੋਰਸ
ਕਰਮਚਾਰੀ/ਸਫ਼ਾਈ ਕਰਮਚਾਰੀਆਂ
ਨੂੰ ਕਰਾਂਗੇ ਪੱਕਾ



ਫ਼ਲ, ਸਬਜ਼ੀਆਂ ਅਤੇ ਦੁੱਧ
'ਤੇ ਐੱਮ.ਐੱਸ.ਪੀ

ਕਿਸਾਨ ਦੀ ਆਮਦਨ ਤਿੰਨ ਗੁਣਾ
ਵਧਾਉਣ ਲਈ ਕ੍ਰਾਂਤੀਕਾਰੀ
ਹਾਈਡ੍ਰੋਪੋਨਿਕ (ਵਾਟਰ ਬੇਸ ਫਾਰਮਿੰਗ)
ਨੂੰ ਸਬਸਿਡੀ ਅਧੀਨ ਲਿਆਉਣਾ





ਫਸਲ ਬੀਮਾ
50 ਹਜ਼ਾਰ ਰੁਪਏ ਪ੍ਰਤੀ ਏਕੜ

ਖੇਤੀਬਾੜੀ ਲਈ ਡੀਜ਼ਲ
10 ਰੁਪਏ ਪ੍ਰਤੀ ਲੀਟਰ ਸਸਤਾ





ਜ਼ਮੀਨਦੋਜ ਪਾਣੀ ਦੀਆਂ
ਪਾਈਪਾਂ ਰਾਂਹੀ ਸਿੰਚਾਈ
ਪ੍ਰਣਾਲੀ

ਕੰਢੀ ਖੇਤਰ
ਵਿਕਾਸ ਮੰਤਰਾਲਾ






ਮਾਨਿਆਵਰ ਬਾਬੂ ਕਾਂਸੀ ਰਾਮ
ਮੈਡੀਕਲ ਯੂਨੀਵਰਸਿਟੀ



ਭਗਵਾਨ ਵਾਲਮੀਕਿ ਜੀ
ਯੂਨੀਵਰਸਿਟੀ



ਦੁਆਬੇ ਵਿੱਚ ਬਾਬਾ ਸਾਹਿਬ
ਅੰਬੇਡਕਰ ਯੂਨੀਵਰਸਿਟੀ




ਗੁਰੂ ਰਵਿਦਾਸ ਜੀ ਯੂਨੀਵਰਸਿਟੀ
(ਧਾਰਮਿਕ ਅਧਿਐਨ)



ਨੌਜਵਾਨਾਂ ਦੀ ਗਲੋਬਲ ਰੁਜ਼ਗਾਰ
ਯੋਗਤਾ ਲਈ ਸਕਿੱਲ ਯੂਨੀਵਰਸਿਟੀ




ਡਿਜੀਟਲ ਯੂਨੀਵਰਸਿਟੀ
ਦੀ ਸ਼ੁਰੂਆਤ



ਪੰਜਾਬੀ ਨੌਜਵਾਨਾਂ ਲਈ
ਸਰਕਾਰੀ ਅਤੇ ਪ੍ਰਾਈਵੇਟ ਖੇਤਰ
ਵਿੱਚ 75% ਨੌਕਰੀਆਂ ਰਾਖਵੀਆਂ

1 ਲੱਖ ਸਰਕਾਰੀ ਨੌਕਰੀਆਂ
10 ਲੱਖ ਨੌਕਰੀਆਂ ਪ੍ਰਾਈਵੇਟ
ਖੇਤਰ ਵਿੱਚ





ਨੌਜਵਾਨਾਂ ਨੂੰ 5 ਲੱਖ ਰੁਪਏ
ਦਾ ਵਿਆਜ ਮੁਕਤ ਕਰਜ਼

ਸਰਕਾਰੀ ਨੌਕਰੀਆਂ ਵਿੱਚ
ਔਰਤਾਂ ਲਈ 50% ਰਾਖਵਾਂਕਰਨ





5 ਹਜ਼ਾਰ ਵਿਦਿਆਰਥੀ ਵਾਲੇ
ਮੈਗਾ ਸਕੂਲਾਂ ਦੀ ਚੇਨ

ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ
ਲਈ ਕਾਲਜ/ਯੂਨੀਵਰਸਿਟੀਆਂ
ਵਿੱਚ 33% ਰਾਖਵਾਂਕਰਨ





ਲਘੂ ਉਦਯੋਗਾਂ ਅਤੇ
ਛੋਟੇ ਵਪਾਰੀਆਂ ਲਈ ਇੱਕ
ਵੱਖਰਾ ਮੰਤਰਾਲਾ

ਉਦਯੋਗਾਂ ਲਈ ਬਿਜਲੀ
5 ਰੁਪਏ ਪ੍ਰਤੀ ਯੂਨਿਟ





ਰਾਹ ਵਿੱਚ ਪਰੇਸ਼ਾਨੀ ਤੋਂ
ਨਿਜਾਤ ਲਈ ਟਰੱਕਾਂ ਲਈ
ਜਾਰੀ ਹੋਣਗੇ ਵਿਸ਼ੇਸ਼ ਸਟਿੱਕਰ


ਟਰੱਕ ਯੂਨੀਅਨਾਂ ਦੀ
ਮੁੜ ਸੁਰਜੀਤੀ






25 ਲੱਖ ਪ੍ਰਤੀ ਸਾਲ ਤੋਂ ਘੱਟ
ਟਰਨਓਵਰ ਵਾਲੇ ਵਪਾਰੀਆਂ ਨੂੰ
ਕੋਈ ਵਹੀ-ਖਾਤਾ ਰੱਖਣ ਦੀ
ਲੋੜ ਨਹੀਂ

ਦੁਕਾਨਦਾਰਾਂ ਲਈ 10 ਲੱਖ ਰੁਪਏ
ਸਿਹਤ ਬੀਮਾ, ਜੀਵਨ ਬੀਮਾ ਅਤੇ
ਅੱਗ ਨਾਲ ਹੋਣ ਵਾਲੇ ਨੁਕਸਾਨ ਦਾ ਬੀਮਾ





ਵਿਸ਼ਵ ਕਬੱਡੀ ਕੱਪ
ਪੰਜਾਬ ਕਬੱਡੀ ਕੱਪ
ਵਿਸ਼ਵ ਕਬੱਡੀ ਲੀਗ

ਹਰ ਚੋਣ ਹਲਕੇ ਵਿੱਚ
ਸਟੇਡੀਅਮ/ਹਰ ਪਿੰਡ ਵਿੱਚ
ਖੇਡ ਮੈਦਾਨ





ਖਿਡਾਰੀਆਂ ਲਈ
ਮੈਡੀਕਲ ਬੀਮਾ

ਭਾਰਤੀ ਮਾਰਵਾੜੀ ਨਸਲ ਲਈ
ਪੰਜਾਬ ਵਿੱਚ ਰੇਸ ਕੋਰਸ





ਪੰਜਾਬ ਦੇ ਨੌਜਵਾਨਾਂ ਨੂੰ ਪਾਇਲਟ
ਸਿਖਲਾਈ ਲਈ ਫਲਾਇੰਗ
ਅਕੈਡਮੀ

ਓਲੰਪਿਕ ਖੇਡਾਂ ਦੇ ਸੋਨ ਤਮਗ਼ੇ ਜੇਤੂਆਂ
ਲਈ 7 ਕਰੋੜ ਰੁਪਏ ਦਾ ਇਨਾਮ





ਮੁਸਲਿਮ ਅਤੇ ਇਸਾਈ
ਭਾਈਚਾਰਿਆਂ ਦੀ ਆਬਾਦੀ
ਵਾਲੇ ਪਿੰਡਾਂ ਵਿੱਚ ਵੱਖਰੇ ਕਬਰਿਸਤਾਨ

ਮੁੱਖ ਮੰਤਰੀ ਦੇ ਕੰਟਰੋਲ ਅਧੀਨ
ਸੂਬਾ ਪੱਧਰੀ ਡਰੱਗ ਵਾਰ ਰੂਮ






ਈ.ਡੀ.ਸੀ (EDC)ਅਤੇ
ਰਜਿਸਟਰੀ ਫੀਸ ਵਿੱਚ
50% ਦੀ ਕਟੌਤੀ

ਬਿਲਡ ਪੰਜਾਬ ਏਜੰਸੀ-45 ਦਿਨਾਂ
ਦੇ ਅੰਦਰ ਨਿਰਮਾਣ ਦੀ ਇਜਾਜ਼ਤ
ਲਈ ਸਿੰਗਲ ਵਿੰਡੋ ਸਿਸਟਮ





ਕਾਂਗਰਸ ਸਰਕਾਰ ਦੇ ਲੋਕ
ਵਿਰੋਧੀ ਫ਼ੈਸਲਿਆਂ ਦੀ
ਸਮੀਖਿਆ/ਰੱਦ ਕਰਨ ਲਈ
ਕਮਿਸ਼ਨ ਦਾ ਗਠਨ

ਰੇਤ/ਸ਼ਰਾਬ ਮਾਫੀਆ ਦੇ ਖਾਤਮੇ ਲਈ:
ਰੇਤ/ਸ਼ਰਾਬ ਲਈ ਸਰਕਾਰੀ ਨਿਗਮ



# ਸਾਡੇ ਤਰਜੀਹੀ ਖੇਤਰ

1. ਮਾਤਾ ਖੀਵੀ ਜੀ ਰਸੋਈ ਸੇਵਾ ਯੋਜਨਾ: ਨੀਲੇ ਕਾਰਡ ਧਾਰਕ ਪਰਿਵਾਰਾਂ ਦੀਆਂ ਸਾਰੀਆਂ ਮੁਖੀ ਔਰਤਾਂ ਲਈ 2000 ਰੁਪਏ/ਮਹੀਨਾ।

2. ਖੇਤੀਬਾੜੀ ਲਈ 10 ਰੁਪਏ ਪ੍ਰਤੀ ਲੀਟਰ ਸਸਤਾ ਡੀਜ਼ਲ

3. ਸਾਰੇ ਪਰਿਵਾਰਾਂ ਲਈ ਹਰ ਬਿਲਿੰਗ ਚੱਕਰ ਵਿੱਚ 800 ਯੂਨਿਟਾਂ (400 ਯੂਨਿਟ ਪ੍ਰਤੀ ਮਹੀਨਾ) ਤੱਕ ਮੁਫ਼ਤ ਬਿਜਲੀ। ਨੀਲੇ ਕਾਰਡ ਧਾਰਕਾਂ ਦੇ ਰਿਹਾਇਸ਼ੀ ਬਿਲਾਂ ਦੇ ਬਕਾਏ ਮੁਆਫ਼ ਕੀਤੇ ਜਾਣਗੇ। ਸਾਰੇ ਕੱਟੇ ਗਏ ਘਰੇਲੂ ਕਨੈਕਸ਼ਨ ਬਹਾਲ ਕੀਤੇ ਜਾਣਗੇ।

4. ਸਾਰੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ, ਦਵਾਈਆਂ, ਟੈਸਟਾਂ, ਸਰਜਰੀ ਅਤੇ ਮੈਡੀਕਲ ਉਪਕਰਣਾਂ ਲਈ ਹਰ ਸਾਲ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ

5. ਭਾਰਤ ਜਾਂ ਵਿਦੇਸ਼ ਵਿੱਚ ਕਿਤੇ ਵੀ ਪੜ੍ਹਾਈ ਲਈ ਵਿਆਜ ਮੁਕਤ ਕਰਜ਼ੇ ਦੇ ਲਈ 10 ਲੱਖ ਰੁਪਏ ਦਾ ਵਿਦਿਆਰਥੀ ਸਿੱਖਿਆ ਕਾਰਡ। (ਐੱਸ.ਸੀ. ਸਕਾਲਰਸ਼ਿਪ ਤੋਂ ਇਲਾਵਾ)

6. ਸਬਜ਼ੀਆਂ, ਫ਼ਲਾਂ ਅਤੇ ਦੁੱਧ ਲਈ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇਗਾ

7. ਸਰਕਾਰੀ ਖੇਤਰ ਵਿੱਚ 1 ਲੱਖ ਨਵੀਆਂ ਨੌਕਰੀਆਂ ਅਤੇ ਨਿੱਜੀ ਖੇਤਰ ਵਿੱਚ 10 ਲੱਖ ਨਵੀਆਂ ਨੌਕਰੀਆਂ ਦਿੱਤੀਆਂ ਜਾਣਗੀਆਂ

8. ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਸੁਪਰ ਸਪੈਸ਼ਲਿਟੀ ਸਹੂਲਤਾਂ ਵਾਲੇ 500 ਬਿਸਤਰਿਆਂ ਵਾਲੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਸਥਾਪਤ ਕੀਤੇ ਜਾਣਗੇ

9. ਸਰਕਾਰੀ ਸਕੂਲਾਂ ਤੋਂ ਆਪਣੀ ਸਿੱਖਿਆ ਪੂਰੀ ਕਰ ਚੁੱਕੇ ਵਿਦਿਆਰਥੀਆਂ ਲਈ ਸਾਰੇ ਪੇਸ਼ੇਵਰ ਕਾਲਜਾਂ (ਮੈਡੀਕਲ ਕਾਲਜਾਂ ਸਮੇਤ) ਵਿੱਚ 33% ਰਾਖਵਾਂਕਰਨ

10. ਸਾਰੀਆਂ ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ ਘੱਟੋ-ਘੱਟ 50% ਰਾਖਵਾਂਕਰਨ

11. ਪ੍ਰਾਈਵੇਟ ਸੈਕਟਰ ਅਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਕੰਪਨੀਆਂ ਵਿੱਚ ਵੀ 75% ਨੌਕਰੀਆਂ ਪੰਜਾਬੀ ਨੌਜਵਾਨਾਂ ਲਈ ਰਾਖਵੀਆਂ ਹੋਣਗੀਆਂ

12. ਸੂਖਮ, ਛੋਟੇ ਅਤੇ ਦਰਮਿਆਨੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਮੁਹੱਈਆ ਕਰਵਾਈ ਜਾਵੇਗੀ। ਸੂਬੇ ਵਿੱਚ ਟ੍ਰਾਂਸਮਿਸ਼ਨ ਖਰਚਿਆਂ ਨੂੰ ਮੁਆਫ਼ ਕਰਕੇ ਵੱਡੇ ਉਦਯੋਗਾਂ ਨੂੰ ਸੂਰਜੀ ਊਰਜਾ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ

13. ਸਫ਼ਾਈ ਕਰਮਚਾਰੀਆਂ ਸਮੇਤ ਸਾਰੇ ਠੇਕੇ 'ਤੇ ਭਰਤੀ ਕੀਤੇ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇਗਾ

14. ਸਾਰੇ ਸਰਕਾਰੀ ਦਫ਼ਤਰਾਂ ਦਾ ਪੂਰੀ ਤਰ੍ਹਾਂ ਡਿਜੀਟਲੀਕਰਨ ਕੀਤਾ ਜਾਵੇਗਾ ਤਾਂ ਜੋ ਬਿਨਾਂ ਕਿਸੇ ਸਰਕਾਰੀ ਦਫ਼ਤਰ ਵਿੱਚ ਕਦਮ ਰੱਖੇ ਸਾਰੀਆਂ ਸਰਕਾਰੀ ਸੇਵਾਵਾਂ ਨਾਗਰਿਕਾਂ ਲਈ ਉਪਲਬਧ ਹੋ ਸਕਣ। ਸੇਵਾ ਕੇਂਦਰਾਂ ਨੂੰ ਮੁੜ ਤੋਂ ਕਾਰਜਸ਼ੀਲ ਬਣਾਇਆ ਜਾਵੇਗਾ

15. ਸਰਕਾਰੀ ਕਰਮਚਾਰੀਆਂ ਲਈ ਪੈਨਸ਼ਨ ਸਕੀਮ ਦੀ ਮੁੜ ਲਾਗੂ ਕੀਤੀ ਜਾਵੇਗੀ , ਜੋ ਕਿ 2004 ਵਿੱਚ ਬੰਦ ਕੀਤੀ ਗਈ ਸੀ।

ਸ਼੍ਰੋਮਣੀ ਅਕਾਲੀ ਦਲ

# ਖੇਤੀਬਾੜੀ

01 ਖੇਤੀਬਾੜੀ ਲਈ 10 ਰੁਪਏ ਪ੍ਰਤੀ ਲੀਟਰ ਸਸਤਾ ਡੀਜ਼ਲ

02 ਫ਼ਲਾਂ, ਸਬਜ਼ੀਆਂ ਅਤੇ ਦੁੱਧ ਲਈ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ)

03 ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ) ਨੂੰ ਨਿਸ਼ਚਿਤ ਕਰਨ ਲਈ ਭਾਰਤ ਸਰਕਾਰ ਨਾਲ ਤਾਲਮੇਲ ਕੀਤਾ ਜਾਵੇਗਾ

04 50 ਹਜ਼ਾਰ ਰੁਪਏ ਪ੍ਰਤੀ ਏਕੜ ਦਾ ਫ਼ਸਲ ਬੀਮਾ ਯੋਜਨਾ

05 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਲਈ 10 ਲੱਖ ਰੁਪਏ ਦਾ ਸਿਹਤ ਬੀਮਾ

06 ਛੋਟੇ ਅਤੇ ਸੀਮਾਂਤ ਕਿਸਾਨਾਂ ਲਈ ਪੈਨਸ਼ਨ ਯੋਜਨਾ ਦੀ ਸ਼ੁਰੂਆਤ

07 ਸਹਿਕਾਰੀ ਸਭਾਵਾਂ ਤੋਂ ਕਿਸਾਨਾਂ ਨੂੰ ਵਿਆਜ ਮੁਕਤ ਫ਼ਸਲੀ ਕਰਜ਼

08 ਪੂਰੀ ਨਹਿਰੀ ਸਿੰਚਾਈ ਪ੍ਰਣਾਲੀ ਦਾ ਨਵ-ਨਿਰਮਾਣ ਅਤੇ ਰੀਲਾਈਨਿੰਗ

09 ਸਿੰਚਾਈ ਲਈ ਜ਼ਮੀਨਦੋਜ਼ ਪਾਣੀ ਦੀਆਂ ਪਾਈਪਾਂ ਦਾ ਪ੍ਰੋਜੈਕਟ

10 ਕਿਸਾਨਾਂ ਨੂੰ ਟਿਊਬਵੈੱਲ ਕਨੈਕਸ਼ਨ ਦੇਣੇ ਬਣਾਵਾਂਗੇ ਯਕੀਨੀ

11 ਸੂਰਜੀ ਊਰਜਾ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਕਿਸਾਨਾਂ ਨੂੰ ਦਿਨ ਦੇ ਸਮੇਂ ਦੌਰਾਨ ਮੁਫ਼ਤ ਬਿਜਲੀ ਸਪਲਾਈ ਯਕੀਨੀ ਬਣਾਵਾਂਗੇ

12 ਕੰਢੀ ਖੇਤਰ ਲਈ ਲਿਫਟ ਇਰੀਗੇਸ਼ਨ ਸਿਸਟਮ ਸਥਾਪਤ ਕਰਨਾ

13 ਕੰਢੀ ਖੇਤਰ ਵਿੱਚ ਚੈੱਕ ਡੈਮਾਂ ਦੀ ਉਸਾਰੀ

14 100 ਕਰੋੜ ਰੁਪਏ ਦੇ ਸ਼ੁਰੂਆਤੀ ਕਾਰਪਸ ਦੇ ਨਾਲ ਇੱਕ ਫਾਰਮ ਇਨਪੁਟ ਪ੍ਰਾਈਸ ਸਟੈਬੀਲਾਈਜ਼ਰ ਫੰਡ ਦੀ ਸ਼ੁਰੂਆਤ

15 750 ਕਰੋੜ ਰੁਪਏ ਦੇ ਕਾਰਪਸ ਰਾਹੀਂ ਕਿਸਾਨ ਉਤਪਾਦਕ ਸੰਗਠਨਾਂ (ਐੱਫ਼ਪੀਓ) ਦੀ ਮੌਜੂਦਾ ਗਿਣਤੀ 67 ਤੋਂ ਵਧਾ ਕੇ 1,500 ਤੱਕ ਕੀਤੀ ਜਾਵੇਗੀ

16 ਬੀਜਾਂ ਦੀਆਂ ਦੇਸੀ ਕਿਸਮਾਂ ਦੀ ਸੁਰੱਖਿਆ ਅਤੇ ਪ੍ਰਫੁੱਲਿਤ ਕਰਨ ਲਈ ਇੱਕ ਆਧੁਨਿਕ ਬੀਜ ਬੈਂਕ ਦੀ ਸਥਾਪਨਾ ਕਰਨਾ ਅਤੇ ਤਕਨੀਕੀ ਤਰੱਕੀ ਦੁਆਰਾ ਉੱਚ ਉਪਜ ਵਾਲੀਆਂ ਕਿਸਮਾਂ (ਐੱਚਵਾਈਵੀ) ਬੀਜਾਂ ਦੇ ਉਤਪਾਦਨ ਅਤੇ ਪ੍ਰਸਾਰ ਨੂੰ ਉਤਸ਼ਾਹਿਤ ਕਰਨਾ

17 ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਅਤੇ ਪਰਾਲੀ ਦੇ ਸੰਕਟ ਨੂੰ ਰੋਕਣ ਲਈ ਢੁੱਕਵੇਂ ਕਦਮ ਚੁੱਕਣ ਲਈ ਪਰਾਲੀ ਪ੍ਰਬੰਧਨ ਵਿਭਾਗ ਦਾ ਗਠਨ

18 ਖੰਡ ਮਿੱਲਾਂ ਵੱਲੋਂ ਕਿਸਾਨਾਂ ਦੇ ਗੰਨੇ ਦੇ ਬਕਾਏ ਨੂੰ ਸਮੇਂ ਸਿਰ ਜਾਰੀ ਕਰਵਾਉਣ ਨੂੰ ਯਕੀਨੀ ਬਣਾਉਣਾ

19 ਅਵਾਰਾ ਪਸ਼ੂਆਂ ਦੇ ਖਤਰੇ ਨੂੰ ਰੋਕਣ ਲਈ ਬਲਾਕ ਪੱਧਰ 'ਤੇ ਸਰਕਾਰ ਦੁਆਰਾ ਗਊਸ਼ਾਲਾ/ਕੈਟਲ ਪੌਂਡ (ਸ਼ੈਡ) ਦੀ ਉਸਾਰੀ

# ਭਵਿੱਖੀ ਖੇਤੀ

21 ਸਰਕਾਰ ਰਵਾਇਤੀ, ਗੈਰ-ਲਾਭਕਾਰੀ ਫ਼ਸਲਾਂ ਤੋਂ ਖੇਤੀ ਵਿੱਚ ਅਤਿ-ਆਧੁਨਿਕ ਵਪਾਰਕ ਹਾਈਡ੍ਰੋ-ਪੋਨਿਕਸ ਤਕਨੀਕਾਂ (ਪਾਣੀ ਅਧਾਰਤ ਖੇਤੀ) ਵੱਲ ਸੂਬਾ-ਪੱਧਰੀ ਤਬਦੀਲੀ ਲਈ ਕਦਮ ਵਧਾਏਗੀ

22 90% ਪਾਣੀ ਦੀ ਬੱਚਤ ਨਾਲ, ਖਾਦ/ਕੀਟਨਾਸ਼ਕ ਦੀ ਲੋੜ ਤੋਂ ਬਿਨਾਂ, ਇਹ ਖੇਤੀ ਹਰ ਸਾਲ ਫ਼ਸਲੀ ਝਾੜ ਨੂੰ ਦੁੱਗਣਾ ਕਰੇਗੀ



## ਫ਼ਸਲੀ ਵਿਭਿੰਨਤਾ ਅਤੇ ਫੂਡ ਪ੍ਰੋਸੈਸਿੰਗ

23 ਫੂਡ ਪ੍ਰੋਸੈਸਿੰਗ, ਪੈਕੇਜਿੰਗ, ਗ੍ਰੇਡਿੰਗ ਸੈਂਟਰਾਂ ਅਤੇ ਕੋਲਡ ਚੇਨ ਨੂੰ ਉਤਸ਼ਾਹਿਤ ਕਰਨਾ, ਨਾਮਾਤਰ ਵਿਆਜ ਦਰਾਂ 'ਤੇ ਬੈਂਕ ਕਰਜ਼ੇ ਨੂੰ ਯਕੀਨੀ ਬਣਾਉਣਾ

24 ਮੁਹਾਲੀ ਅਤੇ ਅੰਮ੍ਰਿਤਸਰ ਦੇ ਅੰਤਰਰਾਸ਼ਟਰੀ ਹਵਾਈ ਅੱਡਿਆਂ 'ਤੇ ਖੇਤੀ ਉਪਜ ਲਈ ਕਾਰਗੋ ਸਹੂਲਤ ਸਥਾਪਤ ਕਰਨਾ

25 ਸੂਬੇ ਨੂੰ ਈਥਾਨੌਲ ਹੱਬ ਵਜੋਂ ਵਿਕਸਤ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਮੱਕੀ, ਗੰਨਾ ਅਤੇ ਕਣਕ ਆਧਾਰਿਤ ਈਥਾਨੌਲ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨਾ

26 ਆਲੂ ਅਤੇ ਗੁੜ ਵਰਗੀਆਂ ਖੇਤੀ ਉਪਜਾਂ ਲਈ ਲਾਹੇਵੰਦ ਮੰਡੀਕਰਨ ਨੂੰ ਯਕੀਨੀ ਬਣਾਉਣ ਲਈ, ਸਰਕਾਰ ਆਟਾ-ਦਾਲ ਸਕੀਮ ਦੇ ਨਾਲ ਸਪਲਾਈ ਲਈ ਇਨ੍ਹਾਂ ਦੋਵਾਂ ਉਤਪਾਦਾਂ ਨੂੰ ਖਰੀਦੇਗੀ

27 ਤੇਲ ਬੀਜ ਫ਼ਸਲਾਂ ਨੂੰ ਉਤਸ਼ਾਹਿਤ ਕਰਕੇ ਰਵਾਇਤੀ ਖੇਤੀ ਨਮੂਨੇ ਵਿੱਚ ਵਿਭਿੰਨਤਾ ਲਿਆਉਣਾ

28 ਤਾਜ਼ੇ ਫ਼ਲਾਂ ਅਤੇ ਸਬਜ਼ੀਆਂ ਲਈ 100 ਨਵੀਆਂ ਏਕੀਕ੍ਰਿਤ ਪੈਕਹਾਊਸ ਸੁਵਿਧਾਵਾਂ ਸਥਾਪਤ ਕਰਨਾ, ਜਿਸ ਤਹਿਤ ਨਿਰਯਾਤ ਨੂੰ ਵੀ ਹੁਲਾਰਾ ਮਿਲੇਗਾ

29 ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਬਹੁ-ਸੇਵਾ ਕੇਂਦਰਾਂ ਵਿੱਚ ਤਬਦੀਲ ਕਰਨਾ

## ਸਹਾਇਕ ਖੇਤੀਬਾੜੀ ਗਤੀਵਿਧੀਆਂ

30 ਔਰਤਾਂ ਨੂੰ 10 ਦੁਧਾਰੂ ਪਸ਼ੂਆਂ ਨੂੰ ਪਾਲਣ ਲਈ ਵਿਆਜ਼ ਮੁਕਤ ਕਰਜ਼ਾ

31 ਕਾਨੂੰਨ ਪਾਸ ਕਰਕੇ ਦੁੱਧ ਦੀ ਮਿਲਾਵਟ ਨੂੰ ਸਖ਼ਤ ਸਜ਼ਾ ਵਾਲਾ ਅਪਰਾਧ ਬਣਾਇਆ ਜਾਵੇਗਾ

32 ਸੂਬੇ ਅਤੇ ਰਾਸ਼ਟਰੀ ਪੱਧਰ 'ਤੇ ਪਸ਼ੂ-ਧਨ ਮੇਲਿਆਂ ਦੀ ਮੁੜ ਸ਼ੁਰੂਆਤ

33 ਡੇਅਰੀ ਖੋਜ ਸੰਸਥਾਨ ਦੀ ਸਥਾਪਨਾ

34 ਮੁਰਗੀ ਪਾਲਣ, ਸੂਰ ਪਾਲਣ, ਬੱਕਰੀ ਪਾਲਣ, ਮਧੂ ਮੱਖੀ ਪਾਲਣ ਅਤੇ ਮੱਛੀ ਪਾਲਣ ਦੇ ਸਹਾਇਕ ਧੰਦਿਆਂ ਨੂੰ ਸਮਰਥਨ











# ਸਿੱਖਿਆ ਖੇਤਰ

01 ਕਾਲਜ ਫ਼ੀਸਾਂ ਅਤੇ ਕੋਚਿੰਗ ਫ਼ੀਸਾਂ ਦੇ ਉਦੇਸ਼ ਲਈ ਵਿਦਿਆਰਥੀਆਂ ਨੂੰ 10 ਲੱਖ ਰੁਪਏ ਤੱਕ ਦੇ ਵਿਆਜ ਮੁਕਤ ਕਰਜ਼ਾ ਦੇਣ ਦੇ ਲਈ ਇੱਕ ਵਿਦਿਆਰਥੀ ਸਿੱਖਿਆ ਕਾਰਡ ਬਣਾਇਆ ਜਾਵੇਗਾ, ਇਸ ਤਹਿਤ ਵਿਦੇਸ਼ਾਂ ਦੇ ਵਿਦਿਅਕ ਅਦਾਰਿਆਂ ਨੂੰ ਵੀ ਕਵਰ ਕੀਤਾ ਜਾਵੇਗਾ। (ਇਹ ਐੱਸ.ਸੀ. ਸਕਾਲਰਸ਼ਿਪ ਤੋਂ ਇਲਾਵਾ ਹੋਵੇਗਾ)

02 25,000 ਦੀ ਆਬਾਦੀ ਲਈ 5,000 ਵਿਦਿਆਰਥੀਆਂ ਦੀ ਦਾਖਲਾ ਸਮਰੱਥਾ ਵਾਲੇ ਅਤਿ-ਆਧੁਨਿਕ ਮੈਗਾ ਸਕੂਲ ਬਣਾਏ ਜਾਣਗੇ, ਜਿੱਥੇ ਅਧਿਆਪਕਾਂ ਨੂੰ ਰਿਹਾਇਸ਼ੀ ਸਹੂਲਤ ਵੀ ਪ੍ਰਦਾਨ ਕੀਤੀ ਜਾਵੇਗੀ

03 ਸਰਕਾਰੀ ਸਕੂਲਾਂ ਤੋਂ ਆਪਣੀ ਸਿੱਖਿਆ ਪੂਰੀ ਕਰ ਚੁੱਕੇ ਵਿਦਿਆਰਥੀਆਂ ਲਈ ਸਾਰੇ ਪੇਸ਼ੇਵਰ ਕਾਲਜਾਂ (ਮੈਡੀਕਲ ਕਾਲਜਾਂ ਸਮੇਤ) ਵਿੱਚ 33% ਰਾਖਵਾਂਕਰਨ

04 ਉਦਯੋਗਿਕ ਕੈਪਟਨਾਂ ਦੀ ਸਰਗਰਮ ਭਾਗੀਦਾਰੀ ਦੇ ਨਾਲ ਸਰਕਾਰੀ ਖੇਤਰ ਵਿੱਚ ਇੱਕ ਅਤਿ-ਆਧੁਨਿਕ ਸਕਿੱਲ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ

05 ਦੁਆਬੇ ਵਿੱਚ ਭਗਵਾਨ ਵਾਲਮੀਕਿ ਜੀ ਦੇ ਨਾਮ 'ਤੇ ਯੂਨੀਵਰਸਿਟੀ ਬਣਾਈ ਜਾਵੇਗੀ
06 ਡਾ. ਬੀ.ਆਰ. ਅੰਬੇਡਕਰ ਜੀ ਤਕਨੀਕੀ ਸਿੱਖਿਆ ਯੂਨੀਵਰਸਿਟੀ ਬਣਾਈ ਜਾਵੇਗੀ
ਪੰਜਾਬ ਦੇ ਅਮੀਰ ਇਤਿਹਾਸ ਅਤੇ ਸੱਭਿਆਚਾਰ ਨਾਲ ਸੰਬੰਧਿਤ ਸਕੂਲੀ ਪਾਠਕ੍ਰਮ ਵਿੱਚ
07 ਵਿਸ਼ੇਸ਼ ਅਧਿਆਏ ਸ਼ਾਮਲ ਕੀਤਾ ਜਾਵੇਗਾ
ਪੰਜਾਬ ਦੀ ਸਿੱਖਿਆ ਨੀਤੀ ਖੁਦਮੁਖਤਿਆਰੀ ਅਤੇ ਪੰਜਾਬ ਦੀਆਂ ਖਾਸ ਲੋੜਾਂ 'ਤੇ
08 ਕੇਂਦਰਿਤ ਹੋਵੇਗੀ ਪਰ ਇਹ ਵਿਸ਼ਵ ਰੁਝਾਨਾਂ ਨਾਲ ਵੀ ਮੇਲ ਖਾਂਦੀ ਹੋਵੇਗੀ
ਪ੍ਰਤੀਯੋਗੀ ਪ੍ਰੀਖਿਆ ਦੇ ਅਰਜ਼ੀ ਫਾਰਮਾਂ ਲਈ ਫ਼ੀਸ ਨੂੰ ਤਰਕਸੰਗਤ ਬਣਾਉਣਾ
09 ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਪ੍ਰਦਾਨ ਕਰਨ ਲਈ, ਸਰਕਾਰ ਸੂਬੇ
10 ਦੇ ਹਰ ਜ਼ਿਲ੍ਹੇ ਵਿੱਚ ਕੋਚਿੰਗ ਕੇਂਦਰ ਸਥਾਪਤ ਕਰੇਗੀ
ਮੈਟ੍ਰਿਕ ਤੋਂ ਬਾਅਦ ਵਿਦਿਆਰਥੀਆਂ ਲਈ ਮੁਫ਼ਤ ਕੈਰੀਅਰ ਕਾਉਂਸਲਿੰਗ ਸੈਸ਼ਨ
11 ਆਯੋਜਿਤ ਕੀਤੇ ਜਾਣਗੇ
ਸੂਬੇ ਵਿੱਚ 3 ਫਲਾਇੰਗ ਅਕੈਡਮੀਆਂ ਖੋਲ੍ਹੀਆਂ ਜਾਣਗੀਆਂ
12 ਗੱਤਕਾ ਅਤੇ ਹੋਰ ਮਾਰਸ਼ਲ ਖੇਡਾਂ ਨੂੰ ਸ਼ਾਮਲ ਕੀਤੇ ਗਏ ਖੇਡ ਸਿਲੇਬਸ ਰਾਹੀਂ ਉਤਸ਼ਾਹਿਤ
13 ਕੀਤਾ ਜਾਵੇਗਾ
ਵਿਦਿਆਰਥੀਆਂ ਨੂੰ ਪ੍ਰਤੀ ਦਿਨ 1 ਜੀ.ਬੀ. ਇੰਟਰਨੈੱਟ ਡਾਟਾ ਪ੍ਰਦਾਨ ਕੀਤਾ ਜਾਵੇਗਾ
14 ਸਰਕਾਰ ਵਿਦਿਆਰਥੀਆਂ ਨਾਲ ਸੰਬੰਧਿਤ ਵਾਹਨਾਂ ਦੀ ਰਜਿਸਟ੍ਰੇਸ਼ਨ ਫ਼ੀਸ ਘਟਾਏਗਾ।
15 ਵਿਦਿਆਰਥੀਆਂ ਦੇ ਵਾਹਨਾਂ ਨੂੰ ਟੋਲ ਟੈਕਸ ਤੋਂ ਛੋਟ ਦਿੱਤੀ ਜਾਵੇਗੀ
ਔਨਲਾਈਨ ਸਿੱਖਿਆ ਲਈ, ਸਰਕਾਰ ਸਿੱਖਿਆ ਮਾਹਿਰਾਂ ਨੂੰ ਸ਼ਾਮਲ ਕਰੇਗੀ ਅਤੇ
16 ਸਿੱਖਿਆ ਸਮੱਗਰੀ ਦੀ ਮੁਫ਼ਤ ਵੰਡ ਲਈ ਅਡਵਾਂਸ ਲੈਕਚਰ/ਪਾਠ ਤਿਆਰ ਕਰੇਗੀ






# ਨੌਜਵਾਨਾਂ ਲਈ ਰੁਜ਼ਗਾਰ

01 ਸਰਕਾਰੀ ਖੇਤਰ ਵਿੱਚ 1 ਲੱਖ ਨਵੀਆਂ ਨੌਕਰੀਆਂ ਅਤੇ ਨਿੱਜੀ ਖੇਤਰ ਵਿੱਚ 10 ਲੱਖ ਨਵੀਆਂ ਨੌਕਰੀਆਂ ਦਿੱਤੀਆਂ ਜਾਣਗੀਆਂ

02 ਪ੍ਰਾਈਵੇਟ ਸੈਕਟਰ ਅਤੇ ਪਬਲਿਕ ਪ੍ਰਾਈਵੇਟ ਪਾਰਟਨਰਸ਼ਿਪ ਕੰਪਨੀਆਂ ਵਿੱਚ ਵੀ 75% ਨੌਕਰੀਆਂ ਪੰਜਾਬੀ ਨੌਜਵਾਨਾਂ ਲਈ ਰਾਖਵੀਆਂ ਹੋਣਗੀਆਂ

03 ਨੌਜਵਾਨ ਉੱਦਮੀਆਂ ਖਾਸ ਕਰਕੇ ਔਰਤਾਂ ਨੂੰ ਸਵੈ-ਰੁਜ਼ਗਾਰ ਦੀ ਸਹੂਲਤ ਦੇਣ ਲਈ 5 ਲੱਖ ਰੁਪਏ ਦਾ ਵਿਆਜ-ਮੁਕਤ ਕਰਜ਼ਾ

04 ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਨੌਕਰੀਆਂ ਦਿਵਾਉਣ ਵਿੱਚ ਮਦਦ ਕਰਨ ਲਈ ਵੱਖਰਾ ਮੰਤਰਾਲਾ ਬਣਾਇਆ ਜਾਵੇਗਾ

# ਸਿਹਤ ਖੇਤਰ

01 ਭਾਈ ਕਨ੍ਹੱਈਆ ਸਿਹਤ ਸਕੀਮ ਦੇ ਤਹਿਤ, ਹਰੇਕ ਨੂੰ ਸਿਹਤ ਕਾਰਡ ਜਾਰੀ ਕੀਤਾ ਜਾਵੇਗਾ, ਸਾਰੇ ਸਰਕਾਰੀ ਅਤੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ, ਦਵਾਈਆਂ, ਡਾਇਗਨੌਸਟਿਕ ਟੈਸਟਾਂ ਅਤੇ ਸਰਜਰੀਆਂ ਲਈ ਹਰ ਸਾਲ 10 ਲੱਖ ਰੁਪਏ ਦਾ ਬੀਮਾ ਕਵਰ ਪ੍ਰਦਾਨ ਕੀਤਾ ਜਾਵੇਗਾ।

02 ਪੰਜਾਬ ਦੇ ਹਰ ਜ਼ਿਲ੍ਹੇ ਵਿੱਚ 500 ਬਿਸਤਰਿਆਂ ਵਾਲੇ ਸਰਕਾਰੀ ਮੈਡੀਕਲ ਕਾਲਜ ਅਤੇ ਸੁਪਰ ਸਪੈਸ਼ਲਿਟੀ ਸਹੂਲਤਾਂ ਵਾਲੇ ਹਸਪਤਾਲ ਸਥਾਪਤ ਕੀਤੇ ਜਾਣਗੇ।

03 ਮੁੱਖ ਮੰਤਰੀ ਕੈਂਸਰ ਰਾਹਤ ਫੰਡ ਦੀ ਮੁੜ ਸ਼ੁਰੂਆਤ।

04 ਸਾਰੇ ਜ਼ਿਲ੍ਹਿਆਂ ਵਿੱਚ ਮੁਫ਼ਤ ਦਵਾਈਆਂ ਦੀਆਂ ਦੁਕਾਨਾਂ ਨੂੰ ਮੁੜ ਖੋਲ੍ਹਣਾ।

05 108 ਐਂਬੂਲੈਂਸ ਸਕੀਮ ਦੀ ਮਜ਼ਬੂਤੀ ਅਤੇ ਵਿਸਥਾਰ ਕਰਨਾ, ਇਨ੍ਹਾਂ ਵਾਹਨਾਂ ਨੂੰ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕਰਨਾ ਅਤੇ ਉਨ੍ਹਾਂ ਨੂੰ ਚਲਾਉਣ ਵਾਲੇ ਸਟਾਫ਼ ਨੂੰ ਉਚਿਤ ਤਨਖਾਹ ਅਤੇ ਮਿਹਨਤਾਨਾ ਵੀ ਦੇਣਾ।

06 ਸਮਾਜ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਾਲੇ ਫ਼ਰੰਟਲਾਈਨ ਯੋਧਿਆਂ ਨੂੰ ਉਨ੍ਹਾਂ ਦੇ ਬਕਾਏ ਦਿੰਦੇ ਹੋਏ, ਅਕਾਲੀ-ਬਸਪਾ ਸਰਕਾਰ ਵੱਖ-ਵੱਖ ਸਿਹਤ ਸਕੀਮਾਂ ਅਧੀਨ ਕੰਮ ਕਰਦੇ ਡਾਕਟਰਾਂ ਅਤੇ ਪੈਰਾ-ਮੈਡੀਕਲਾਂ ਦੀਆਂ ਤਨਖਾਹਾਂ ਅਤੇ ਮਿਹਨਤਾਨੇ ਨੂੰ ਸੋਧੇਗੀ ਅਤੇ ਠੇਕੇ 'ਤੇ ਰੱਖੇ ਸਟਾਫ਼ ਨੂੰ ਵੀ ਪੱਕਾ ਕਰੇਗੀ।

07 ਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ (ਆਰਐੱਮਪੀ) ਨੂੰ ਪੇਸ਼ੇਵਰਾਂ ਵਜੋਂ ਮਾਨਤਾ ਦਿੱਤੀ ਜਾਵੇਗੀ ਅਤੇ ਇਹ ਯਕੀਨੀ ਬਣਾਏਗਾ ਕਿ ਉਨ੍ਹਾਂ ਨੂੰ ਕਿਸੇ ਵੀ ਤਰੀਕੇ ਨਾਲ ਪਰੇਸ਼ਾਨ ਨਾ ਕੀਤਾ ਜਾਵੇਗਾ





# ਔਰਤਾਂ ਦੀ ਭਲਾਈ ਲਈ ਕਦਮ

01 ਮਾਤਾ ਖੀਵੀ ਜੀ ਰਸੋਈ ਸੇਵਾ ਸਕੀਮ: ਨੀਲਾ ਕਾਰਡ ਧਾਰਕ ਪਰਿਵਾਰਾਂ ਦੀਆਂ ਮੁਖੀ ਔਰਤਾਂ ਨੂੰ 2000 ਰੁਪਏ ਪ੍ਰਤੀ ਮਹੀਨਾ

02 ਸਰਕਾਰੀ ਨੌਕਰੀਆਂ ਵਿੱਚ ਔਰਤਾਂ ਲਈ 50% ਰਾਖਵਾਂਕਰਨ

03 ਸਾਰੇ ਜ਼ਿਲ੍ਹਾ ਹੈੱਡਕੁਆਰਟਰਾਂ ਵਿੱਚ ਔਰਤਾਂ ਲਈ ਹੁਨਰ ਵਿਕਾਸ ਕੇਂਦਰ ਖੋਲ੍ਹੇ ਜਾਣਗੇ

04 10 ਦੁਧਾਰੂ ਪਸ਼ੂਆਂ ਨੂੰ ਖਰੀਦਣ ਲਈ ਵਿਆਜ ਮੁਕਤ ਕਰਜ਼

05 ਕੋਰੋਨਾ ਮਹਾਮਾਰੀ ਦੌਰਾਨ ਆਪਣੇ ਪਤੀ ਨੂੰ ਗੁਆਉਣ ਵਾਲੀਆਂ ਔਰਤਾਂ ਲਈ 5 ਲੱਖ ਰੁਪਏ ਦਾ ਮੁਆਵਜ਼ਾ

06 ਸੂਬੇ ਵਿੱਚ ਵੱਧ ਗਿਣਤੀ ਪੂਰਨ ਤੌਰ ’ਤੇ ਔਰਤਾਂ ਦੀ ਸੰਖਿਆ ਵਾਲੇ ਥਾਣੇ ਹੋਣਗੇ

07 ਔਰਤਾਂ ਨੂੰ ਤੁਰੰਤ ਅਤੇ ਪ੍ਰਭਾਵੀ ਇਨਸਾਫ਼ ਦੇਣ ਲਈ ਨਵੀਆਂ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ

08 ਸਵੈ-ਸਥਾਪਿਤ ਮਦਦ ਸਮੂਹ ਕਰਨ ਦੀ ਇੱਛਾ ਰੱਖਣ ਵਾਲੀਆਂ ਔਰਤਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ









# ਐੱਸ.ਸੀ ਭਾਈਚਾਰੇ ਅਤੇ ਕਮਜ਼ੋਰ ਵਰਗਾਂ ਦੀ ਭਲਾਈ

01 ਸ਼ਗਨ ਸਕੀਮ ਦੀ ਰਕਮ ਨੂੰ ਵਧਾ ਕੇ 75,000 ਰੁਪਏ ਕਰਾਂਗੇ
02 ਬੁਢਾਪਾ ਪੈਨਸ਼ਨ ਦੀ ਰਕਮ ਵਧਾ ਕੇ ਨੂੰ 3100 ਰੁਪਏ ਕਰਾਂਗੇ
03 ਆਟਾ-ਦਾਲ ਸਕੀਮ ਦੇ ਨਾਲ ਆਲੂ ਅਤੇ 'ਗੁੜ' ਦੇਵਾਂਗੇ
04 ਐੱਸ.ਸੀ ਭਾਈਚਾਰੇ ਲਈ ਸਕਾਲਰਸ਼ਿਪ ਸਕੀਮ ਨੂੰ ਮੁੜ ਸੁਰਜੀਤ ਕਰਾਂਗੇ ਅਤੇ ਅਨੁਸੂਚਿਤ ਜਾਤੀਆਂ ਦੇ ਲੱਖਾਂ ਵਿਦਿਆਰਥੀਆਂ ਦੀਆਂ ਫ਼ੀਸਾਂ ਹੜੱਪਣ ਵਾਲਿਆਂ ਨੂੰ ਸਖ਼ਤ ਸਜ਼ਾ ਯਕੀਨੀ ਬਣਾਈ ਜਾਵੇਗੀ
05 ਮੁਫ਼ਤ ਅਤੇ 24 ਘੰਟੇ ਬਿਜਲੀ ਸਪਲਾਈ: 2 ਮਹੀਨਿਆਂ ਦੇ ਬਿਲ 'ਤੇ 800 ਯੂਨਿਟ ਬਿਜਲੀ ਦੇ ਮੁਫ਼ਤ
06 ਮਾਤਾ ਖੀਵੀ ਜੀ ਸਕੀਮ: ਨੀਲਾ ਧਾਰਕ ਪਰਿਵਾਰਾਂ ਦੀਆਂ ਮੁਖੀ ਮਹਿਲਾਵਾਂ ਨੂੰ 2000 ਰੁਪਏ ਪ੍ਰਤੀ ਮਹੀਨਾ
07 ਸਰਕਾਰੀ ਸਕੂਲ ਸਿੱਖਿਆ ਪ੍ਰਣਾਲੀ ਨੂੰ ਸੁਧਾਰਨ ਲਈ 25000 ਦੀ ਆਬਾਦੀ ਮਗਰ 5000 ਵਿਦਿਆਰਥੀਆਂ ਦੇ ਦਾਖਲੇ ਦੀ ਸਮਰੱਥਾ ਵਾਲੇ ਮੈਗਾ ਸਕੂਲਾਂ ਦੀ ਸਥਾਪਨਾ
08 ਸਰਕਾਰੀ ਸਕੂਲਾਂ ਤੋਂ ਆਪਣੀ ਪੜ੍ਹਾਈ ਪੂਰੀ ਕਰ ਚੁੱਕੇ ਵਿਦਿਆਰਥੀਆਂ ਲਈ ਸਾਰੇ ਪੇਸ਼ੇਵਰ ਕਾਲਜਾਂ (ਮੈਡੀਕਲ ਸਮੇਤ) ਵਿੱਚ 33% ਰਾਖਵਾਂਕਰਨ
09 ਸ਼੍ਰੋਮਣੀ ਅਕਾਲੀ ਦਲ-ਬਸਪਾ ਸਰਕਾਰ ਦੇ ਦੋ ਉੱਪ ਮੁੱਖ ਮੰਤਰੀਆਂ ਵਿੱਚੋਂ ਇੱਕ ਦਲਿਤ ਭਾਈਚਾਰੇ ਅਤੇ ਇੱਕ ਹਿੰਦੂ ਭਾਈਚਾਰੇ ਦਾ ਹੋਵੇਗਾ
10 ਅਨੁਸੂਚਿਤ ਜਾਤੀ ਦੀ ਆਬਾਦੀ ਖ਼ਿਲਾਫ਼ ਅਪਰਾਧ ਨੂੰ ਰੋਕਣ ਲਈ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਕਰਨਾ
11 ਪੰਜਾਬ ਵਿਲੇਜ ਕਾਮਨ ਲੈਂਡਜ਼ (ਰੈਗੂਲੇਸ਼ਨ) ਨਿਯਮਾਂ ਵਿੱਚ ਸੋਧ ਕਰਕੇ, ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਸ਼ਾਮਲਾਟ ਜ਼ਮੀਨ ਦੀ ਮੌਜੂਦਾ 33% ਦੀ ਹੱਦ ਨੂੰ ਵਧਾ ਕੇ 50% ਵਰਤਣ ਦੀ ਮਨਜ਼ੂਰੀ ਦਿੱਤੀ ਜਾਵੇਗੀ
12 ਸਾਰੇ ਬੀਪੀਐੱਲ ਪਰਿਵਾਰਾਂ ਲਈ ਨੀਲੇ ਕਾਰਡ
13 ਸਰਕਾਰ ਐੱਸ.ਸੀ./ਬੀ.ਸੀ. ਪਰਿਵਾਰਾਂ ਲਈ 5 ਲੱਖ ਪੱਕੇ ਮਕਾਨ ਮੁਹੱਈਆ ਕਰਵਾਏਗੀ (ਪ੍ਰਤੀ ਹਲਕੇ ਪ੍ਰਤੀ ਸਾਲ 1,000 ਘਰ)
14 ਸਰਕਾਰ ਪਿੰਡਾਂ ਵਿੱਚ ਬੇਘਰੇ ਗਰੀਬਾਂ ਨੂੰ 5 ਮਰਲੇ ਦੇ ਪਲਾਟ ਮੁਫ਼ਤ ਦੇਵੇਗੀ
15 ਕਾਂਸ਼ੀ ਰਾਮ ਪੇਂਡੂ ਵਿਕਾਸ ਯੋਜਨਾ: ਸਰਕਾਰ ਅੱਧੀ ਤੋਂ ਵੱਧ ਆਬਾਦੀ ਵਾਲੇ ਅਨੁਸੂਚਿਤ ਜਾਤੀਆਂ ਨਾਲ ਸੰਬੰਧਿਤ ਪਿੰਡਾਂ ਨੂੰ 50 ਲੱਖ ਰੁਪਏ ਸਾਲਾਨਾ ਦੀ ਵਿੱਤੀ ਗ੍ਰਾਂਟ ਦੇਵੇਗੀ
16 ਪੋਸਟ ਮੈਟ੍ਰਿਕ ਐੱਸ.ਸੀ. ਸਕਾਲਰਸ਼ਿਪ ਸਕੀਮ ਨੂੰ ਮੁੜ ਸੁਰਜੀਤ ਕਰਨਾ
17 ਪਬਲਿਕ ਲਾਇਬ੍ਰੇਰੀਆਂ ਵਿੱਚ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਮੁਫ਼ਤ ਮੈਂਬਰਸ਼ਿਪ
18 ਮਨਰੇਗਾ ਤਹਿਤ ਸ਼ਹਿਰੀ ਅਤੇ ਪੇਂਡੂ ਗਰੀਬਾਂ ਨੂੰ ਰੁਜ਼ਗਾਰ ਦਿੱਤਾ ਜਾਵੇਗਾ ਅਤੇ ਇਸ ਵਿੱਚ ਕੰਮ ਦੇ ਮਨੁੱਖੀ ਦਿਨਾਂ ਨੂੰ 100 ਤੋਂ ਵਧਾ ਕੇ 150 ਕੀਤਾ ਜਾਵੇਗਾ



# ਬੀ.ਸੀ. ਅਤੇ ਓ.ਬੀ.ਸੀ. ਭਾਈਚਾਰੇ ਦੀ ਭਲਾਈ

01 ਬੀ.ਸੀ. ਅਤੇ ਓ.ਬੀ.ਸੀ. ਭਾਈਚਾਰੇ ਦੀ ਭਲਾਈ ਲਈ ਵੱਖਰਾ ਮੰਤਰਾਲਾ
02 ਪੰਚਾਇਤਾਂ, ਨਗਰ ਪਾਲਿਕਾਵਾਂ, ਕਾਰਪੋਰੇਸ਼ਨਾਂ ਦੇ ਨਾਲ-ਨਾਲ ਜ਼ਿਲ੍ਹਾ ਪਰਿਸ਼ਦਾਂ, ਬਲਾਕ ਸੰਮਤੀਆਂ ਅਤੇ ਪੰਚਾਇਤਾਂ ਵਿੱਚ ਦੋਵੇਂ ਸ਼੍ਰੇਣੀਆਂ ਲਈ ਸੀਟਾਂ ਦਾ ਰਾਖਵਾਂਕਰਨ
03 ਮੈਡੀਕਲ, ਇੰਜਨੀਅਰਿੰਗ ਅਤੇ ਨਰਸਿੰਗ ਕਾਲਜਾਂ ਸਮੇਤ ਯੂਨੀਵਰਸਿਟੀਆਂ ਵਿੱਚ ਰਾਖਵਾਂਕਰਨ
04 ਸਰਕਾਰੀ ਅਤੇ ਅਰਧ-ਸਰਕਾਰੀ ਨੌਕਰੀਆਂ ਲਈ ਭਰਤੀ ਵਿੱਚ ਰਾਖਵਾਂਕਰਨ
05 ਦੋਵੇਂ ਸ਼੍ਰੇਣੀਆਂ ਲਈ ਪੋਸਟਾਂ ਦੇ ਬੈਕਲਾਗ ਨੂੰ ਦੂਰ ਕਰਨ ਲਈ ਯਤਨ ਕਰਾਂਗੇ
06 ਬੇਘਰੇ ਗ਼ਰੀਬਾਂ ਨੂੰ 5 ਮਰਲੇ ਦੇ ਪਲਾਟ
07 ਬੇਘਰਿਆਂ ਲਈ ਪੱਕਾ ਘਰ
08 ਆਟਾ-ਦਾਲ ਸਕੀਮ ਵਿੱਚ ਆਲੂ ਅਤੇ ਗੁੜ ਨੂੰ ਸ਼ਾਮਿਲ ਕਰਨਾ

# ਬਾਜ਼ੀਗਰ ਭਾਈਚਾਰੇ ਦੀ ਭਲਾਈ ਲਈ ਸਹੂਲਤਾਂ

01 ਇਸ ਭਾਈਚਾਰੇ ਨੂੰ ਐੱਸ.ਟੀ. ਐਲਾਨਣ ਲਈ ਭਾਰਤ ਸਰਕਾਰ ਤੱਕ ਪਹੁੰਚ ਕੀਤੀ ਜਾਵੇਗੀ
02 ਬਾਜ਼ੀਗਰ ਭਾਈਚਾਰੇ ਦੀ ਭਲਾਈ ਲਈ ਸਪੈਸ਼ਲ ਡਾਇਰੈਕਟੋਰੇਟ
03 ਮੁਹਾਲੀ ਵਿੱਚ ਬਣੇਗਾ ਸ਼ਹੀਦ ਭਾਈ ਮਨੀ ਸਿੰਘ ਭਵਨ
04 ਸਰਕਾਰੀ ਅਸਾਮੀਆਂ ਨੂੰ ਅਪਲਾਈ ਕਰਨ ਲਈ ਫ਼ੀਸ ਵਿੱਚ ਰਿਆਇਤ ਦਿੱਤੀ ਜਾਵੇਗੀ
05 ਭਾਈਚਾਰੇ ਨੂੰ ਸਰਕਾਰ ਵਿੱਚ ਸਾਰੇ ਪੱਧਰਾਂ ਜਿਵੇਂ ਕਿ ਐੱਸ.ਸੀ. ਕਮਿਸ਼ਨ ਆਦਿ ਵਿੱਚ ਬਣਦੀ ਨੁਮਾਇੰਦਗੀ ਦਿੱਤੀ ਜਾਵੇਗੀ
06 ਨੌਜਵਾਨਾਂ ਨੂੰ ਸਵੈ-ਰੁਜ਼ਗਾਰ ਲਈ 5 ਲੱਖ ਰੁਪਏ ਦੇ ਸੌਫਟ ਲੋਨ ਦਿੱਤੇ ਜਾਣਗੇ
07 ਇਸ ਭਾਈਚਾਰੇ ਦੇ ਵਿਦਿਆਰਥੀਆਂ ਲਈ ਆਸਾਨ ਦਾਖਲੇ ਦੀ ਸਹੂਲਤ ਲਈ ਯਤਨ ਕੀਤੇ ਜਾਣਗੇ

# ਧਾਰਮਿਕ ਘੱਟ-ਗਿਣਤੀਆਂ ਲਈ ਸਹੂਲਤਾਂ

01 ਸੂਬੇ ਦੇ ਘੱਟ-ਗਿਣਤੀ ਕਮਿਸ਼ਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਜਾਵੇਗਾ
02 ਮੁਸਲਿਮ ਅਤੇ ਈਸਾਈ ਭਾਈਚਾਰਿਆਂ ਲਈ ਰਾਖਵੇਂ ਕਬਰਿਸਤਾਨ ਬਣਾਏ ਜਾਣਗੇ
03 ਘੱਟ-ਗਿਣਤੀਆਂ ਲਈ ਉਨ੍ਹਾਂ ਦੀ ਆਬਾਦੀ ਦੇ ਕੇਂਦਰਿਤ ਸਥਾਨਾਂ 'ਤੇ ਕਮਿਊਨਿਟੀ ਹਾਲ ਬਣਾਏ ਜਾਣਗੇ
04 ਸੂਬੇ ਵਿੱਚ ਘੱਟ-ਗਿਣਤੀਆਂ ਦੀਆਂ ਮੰਗਾਂ ਨੂੰ ਲੈ ਕੇ ਇੱਕ ਵਿਸ਼ੇਸ਼ ਉੱਚ ਤਾਕਤੀ ਕਮੇਟੀ ਬਣਾਈ ਜਾਵੇਗੀ
05 ਐੱਸ.ਸੀ. ਵਿੱਤ ਕਮਿਸ਼ਨ ਦੀ ਤਰਜ਼ 'ਤੇ ਘੱਟ ਗਿਣਤੀ ਵਿੱਤ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇਗੀ

# ਨੰਬਰਦਾਰਾਂ ਲਈ ਸਹੂਲਤਾਂ

01 ਤਨਖ਼ਾਹ, ਵਜ਼ੀਫ਼ਾ ਅਤੇ ਭੱਤੇ ਆਦਿ ਸੰਬੰਧੀ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ
02 ਪੰਚਾਂ, ਸਰਪੰਚਾਂ ਅਤੇ ਨੰਬਰਦਾਰਾਂ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸਾਂ ਵਿੱਚ ਰਿਹਾਇਸ਼ ਮੁਹੱਈਆ ਕਰਵਾਉਣ ਲਈ ਯਤਨ ਕੀਤੇ ਜਾਣਗੇ
03 ਪਿੰਡਾਂ ਵਿੱਚ ਆਬਾਦੀ ਦੇ ਅਨੁਪਾਤ ਅਨੁਸਾਰ ਨੰਬਰਦਾਰ ਨਿਯੁਕਤ ਕੀਤੇ ਜਾਣਗੇ



# ਵਪਾਰ ਅਤੇ ਉਦਯੋਗ

01 ਕੱਪੜਾ ਉਦਯੋਗ ਅਤੇ ਵਪਾਰ ਲਈ ਇੱਕ ਨਵਾਂ ਮੰਤਰਾਲਾ ਅਤੇ ਸਲਾਹਕਾਰ ਬੋਰਡ ਬਣਾਇਆ ਜਾਵੇਗਾ

02 ਛੋਟੇ ਵਪਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬੀਮਾ ਨੀਤੀ
10 ਲੱਖ ਰੁਪਏ ਦਾ ਜੀਵਨ ਬੀਮਾ ਕਵਰ
10 ਲੱਖ ਰੁਪਏ ਤੱਕ ਦਾ ਸਿਹਤ ਬੀਮਾ
10 ਲੱਖ ਰੁਪਏ ਤੱਕ ਦਾ ਅੱਗ ਤੋਂ ਬਚਾਅ ਲਈ ਬੀਮਾ ਕਵਰ

03 ਛੋਟੇ ਉਦਯੋਗਾਂ ਲਈ 50 ਲੱਖ ਰੁਪਏ ਤੱਕ ਦੇ ਬੈਂਕ ਕਰਜ਼ਿਆਂ 'ਤੇ 3% ਸਬਸਿਡੀ

04 ਛੋਟੇ ਵਪਾਰੀਆਂ ਨੂੰ 10 ਲੱਖ ਰੁਪਏ ਤੱਕ ਦੀ ਕਾਰਜਸ਼ੀਲ ਪੂੰਜੀ 'ਤੇ 5% ਵਿਆਜ ਦੀ ਛੋਟ

05 ਆਪਣੀਆਂ ਨੀਤੀਆਂ ਖੁਦ ਬਣਾਓ: ਵਪਾਰੀਆਂ ਅਤੇ ਉੱਦਮੀਆਂ ਲਈ ਇੱਕ ਕਮੇਟੀ ਬਣਾਈ ਜਾਵੇਗੀ ਜੋ ਉਨ੍ਹਾਂ ਨੂੰ ਉਦਯੋਗਿਕ ਅਤੇ ਵਪਾਰਕ ਆਜ਼ਾਦੀ ਦੇਣ ਵਾਲੀਆਂ ਨੀਤੀਆਂ ਘੜਨ ਦੇ ਯੋਗ ਬਣਾਵੇਗੀ

06 ਨੌਜਵਾਨ ਉੱਦਮੀਆਂ ਖਾਸ ਕਰਕੇ ਔਰਤਾਂ ਦੀ ਸਹਾਇਤਾ ਲਈ 5 ਲੱਖ ਰੁਪਏ ਦਾ ਵਿਆਜ ਮੁਕਤ ਕਰਜ਼ਾ

07 ਉਦਯੋਗਾਂ ਦੇ ਵਿਸਥਾਰ ਅਤੇ ਆਧੁਨਿਕੀਕਰਨ ਲਈ ਵਿਸ਼ੇਸ਼ ਪ੍ਰੋਤਸਾਹਨ

08 ਛੋਟੇ ਵਪਾਰੀਆਂ ਨੂੰ ਲਾਭ ਦੇਣ ਲਈ ਪੈਨਸ਼ਨ ਸਕੀਮ

09 ਐੱਮਐੱਸਐੱਮਈ ਸਮੇਤ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਸਪਲਾਈ। ਸੂਬੇ ਵਿੱਚ ਵੱਡੇ

10 ਉਦਯੋਗਾਂ ਦੇ ਟ੍ਰਾਂਸਮਿਸ਼ਨ ਖਰਚਿਆਂ ਨੂੰ ਮੁਆਫ਼ ਕਰਕੇ ਸੂਰਜੀ ਊਰਜਾ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ

11 ਉਦਯੋਗਿਕ ਅਸਟੇਟ ਅਤੇ ਫੋਕਲ ਪੁਆਇੰਟਾਂ ਦੀ ਸਾਂਭ-ਸੰਭਾਲ, ਉਦਯੋਗਿਕ ਖੇਤਰ ਐਸੋਸੀਏਸ਼ਨਾਂ ਦੁਆਰਾ ਸਰਕਾਰੀ ਫੰਡਿੰਗ ਨਾਲ ਕੀਤੀ ਜਾਵੇਗੀ

12 ਉਦਯੋਗਿਕ ਕੈਪਟਨਾਂ ਦੀ ਸਰਗਰਮ ਭਾਗੀਦਾਰੀ ਦੇ ਨਾਲ ਸਰਕਾਰੀ ਖੇਤਰ ਵਿੱਚ ਇੱਕ ਅਤਿ-ਆਧੁਨਿਕ ਸਕਿੱਲ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ

13 25 ਲੱਖ ਰੁਪਏ ਤੋਂ ਘੱਟ ਟਰਨਓਵਰ ਵਾਲੇ ਕਾਰੋਬਾਰੀਆਂ ਲਈ ਖਾਤਾ ਬੁੱਕ ਰੱਖਣ ਦੀ ਲੋੜ ਨਹੀਂ।

14 1 ਕਰੋੜ ਰੁਪਏ ਦੇ ਟਰਨਓਵਰ ਤੱਕ ਟੈਕਸ ਵਜੋਂ ਸਿਰਫ਼ ਨਾਮਾਤਰ ਰਕਮ ਅਦਾ ਕਰਨੀ ਪਵੇਗੀ

15 ਸਾਰੇ ਬਕਾਇਆ ਵੈਟ ਮਾਮਲਿਆਂ ਨੂੰ 3 ਮਹੀਨਿਆਂ ਦੇ ਅੰਦਰ ਤਰਕਸੰਗਤ ਬਣਾਇਆ ਜਾਵੇਗਾ

16 ਨਦੀਆਂ/ਦਰਿਆਵਾਂ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਉਦਯੋਗਿਕ ਰਹਿੰਦ-ਖੂੰਹਦ ਦੇ ਟਰੀਟਮੈਂਟ ਪਲਾਂਟਾਂ ਦੀ ਸਥਾਪਨਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ

17 ਮਾਲਵੇ ਵਿੱਚ ਇਲੈਕਟ੍ਰਾਨਿਕ ਮੈਨੂਫੈਕਚਰਿੰਗ ਕਲਸਟਰ ਸਥਾਪਿਤ ਕੀਤਾ ਜਾਵੇਗਾ

18 ਰਾਜਪੁਰਾ ਵਿੱਚ ਫਾਰਮਾਸਿਊਟੀਕਲ ਪਾਰਕ ਸਥਾਪਿਤ ਕੀਤਾ ਜਾਵੇਗਾ

19 ਲੁਧਿਆਣਾ ਵਿੱਚ ਟੈਕਸਟਾਈਲ ਕੰਪੋਜ਼ਿਟ ਸੈਂਟਰ ਸਥਾਪਿਤ ਕੀਤਾ ਜਾਵੇਗਾ

20 ਅੰਮ੍ਰਿਤਸਰ ਅਤੇ ਮੋਹਾਲੀ ਵਿੱਚ ਦੋ ਨਵੇਂ ਆਈਟੀ ਪਾਰਕ ਸਥਾਪਿਤ ਕੀਤੇ ਜਾਣਗੇ
ਜਲੰਧਰ ਵਿੱਚ ਖੇਡਾਂ ਨਾਲ ਸੰਬੰਧਿਤ ਸਮੱਗਰੀ ਦਾ ਹੱਬ, ਅੰਤਰਰਾਸ਼ਟਰੀ ਰਬੜ ਵਪਾਰ ਕੇਂਦਰ ਅਤੇ ਲੈਦਰ ਪਾਰਕ ਸਥਾਪਿਤ ਕੀਤਾ ਜਾਵੇਗਾ

21 ਪੀ.ਐੱਸ.ਆਈ.ਈ.ਸੀ. ਪਲਾਟ ਧਾਰਕਾਂ ਲਈ ਵਨ ਟਾਈਮ ਸੈਟਲਮੈਂਟ ਯੋਜਨਾ



# ਟ੍ਰਾਂਸਪੋਰਟਰਾਂ ਲਈ ਸਹੂਲਤਾਵਾਂ

01 25 ਕਰੋੜ ਰੁਪਏ ਦੇ ਕਾਰਪਸ (ਫੰਡ) ਨਾਲ ਟ੍ਰਾਂਸਪੋਰਟਰਜ਼ ਵੈਲਫੇਅਰ ਬੋਰਡ ਦੀ ਸਿਰਜਣਾ

02 ਟਰੱਕ ਯੂਨੀਅਨਾਂ ਦੀ ਮੁੜ-ਸੁਰਜੀਤੀ ਤੇ ਪ੍ਰਧਾਨ ਯੂਨੀਅਨ ਦਾ ਮੈਂਬਰ ਹੀ ਹੋਵੇਗਾ; ਕੋਈ ਬਾਹਰੀ/ ਕੋਈ ਸਿਆਸੀ ਹਸਤੀ ਦੀ ਦਖਲਅੰਦਾਜੀ ਨਹੀਂ ਹੋਵੇਗੀ

03 ਸ਼੍ਰੋਮਣੀ ਅਕਾਲੀ ਦਲ-ਬਸਪਾ ਸਰਕਾਰ ਟਰੱਕ ਸਮੁਦਾਇ ਦੇ ਨਾਲ-ਨਾਲ ਵਪਾਰ ਅਤੇ ਉਦਯੋਗ ਦੇ ਹਿੱਤਾਂ ਦੀ ਰਾਖੀ ਲਈ ਵਾਜਬ ਦਰਾਂ ਨੂੰ ਯਕੀਨੀ ਬਣਾਉਣ ਲਈ ਤਾਲਮੇਲ ਕਮੇਟੀਆਂ ਬਣਾਏਗੀ। ਕਮੇਟੀਆਂ ਵਿੱਚ ਟਰੱਕ ਯੂਨੀਅਨ ਦੇ ਮੈਂਬਰ, ਵਪਾਰੀ ਅਤੇ ਐੱਸਡੀਐੱਮ (ਕਮੇਟੀ ਦੇ ਮੁਖੀ) ਸ਼ਾਮਲ ਹੋਣਗੇ

04 ਟੈਂਡਰ ਅਲਾਟਮੈਂਟ: ਖੇਤਰੀ ਟਰੱਕ ਯੂਨੀਅਨ ਨੂੰ ਤਰਜੀਹ ਦਿੱਤੀ ਜਾਵੇਗੀ। ਕੋਈ ਪੱਖਪਾਤ ਨਹੀਂ ਹੋਵੇਗਾ

05 ਵਿਭਾਗ ਟਰੱਕ (ਵਪਾਰਕ ਵਾਹਨ) ਡਰਾਈਵਰਾਂ ਨੂੰ ਸੜਕ 'ਤੇ ਪ੍ਰੇਸ਼ਾਨੀ ਤੋਂ ਬਚਾਉਣ ਲਈ ਸਾਲਾਨਾ ਸਟਿੱਕਰ ਪ੍ਰਦਾਨ ਕਰੇਗਾ

06 ਬਕਾਇਆ ਟੈਕਸ ਭੁਗਤਾਨਾਂ ਜਾਂ ਸਮਾਂ ਲੰਘ ਜਾਣ ਦੇ ਮਾਮਲਿਆਂ ਲਈ ਵਨ ਟਾਈਮ ਸੈਟਲਮੈਂਟ (ਓਟੀਐੱਸ ਸਕੀਮ)

07 ਓਵਰਲੋਡਿੰਗ ਦੇ ਖਤਰੇ ਨੂੰ ਰੋਕਣ ਲਈ ਹਾਈਵੇਅ 'ਤੇ ਪੋਰਟੇਬਲ ਧਰਮ ਕੰਡੇ ਸਥਾਪਤ ਕੀਤੇ ਜਾਣਗੇ

08 ਸਕੂਲ ਵੈਨਾਂ ਲਈ ਰੋਡ ਟੈਕਸ ਹੋਰ ਵਪਾਰਕ ਵਾਹਨਾਂ ਨਾਲੋਂ ਘੱਟ ਹੋਵੇਗਾ

09 ਟ੍ਰਾਂਸਪੋਰਟ ਨੀਤੀ ਬਣਾਉਣ ਤੋਂ ਪਹਿਲਾਂ ਟਰੱਕ ਯੂਨੀਅਨ ਦੇ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇਗਾ

10 ਹੈਵੀ ਡਰਾਈਵਿੰਗ ਲਾਇਸੰਸ: ਜ਼ਿਲ੍ਹਾ ਹੈੱਡਕੁਆਰਟਰ 'ਤੇ ਖਾਸ ਡਰਾਈਵਿੰਗ ਸਿਖਲਾਈ ਸਕੂਲ ਨੌਜਵਾਨਾਂ ਨੂੰ ਦੇਸ਼ ਅਤੇ ਵਿਦੇਸ਼ ਵਿੱਚ ਵੀ ਰੋਜ਼ੀ-ਰੋਟੀ ਕਮਾਉਣ ਦੇ ਯੋਗ ਬਣਾਉਣਗੇ

11 ਸ਼੍ਰੋਮਣੀ ਅਕਾਲੀ ਦਲ-ਬਸਪਾ ਸਰਕਾਰ ਪੁਰਾਣੇ ਆਟੋ-ਰਿਕਸ਼ਾ ਨੂੰ ਈ-ਰਿਕਸ਼ਾ ਨਾਲ ਬਦਲਣ ਲਈ ਉਤਸ਼ਾਹਿਤ ਕਰੇਗੀ, ਨਾਲ ਹੀ ਮਾਮੂਲੀ ਦਰਾਂ 'ਤੇ ਕਰਜ਼ਾ ਮੁਹੱਈਆ ਕਰਵਾਏਗੀ

12 ਪੀ.ਆਰ.ਟੀ.ਸੀ. ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਦੇ ਮੌਜੂਦਾ ਬੇੜੇ ਨੂੰ ਦੁੱਗਣਾ ਕੀਤਾ ਜਾਵੇਗਾ

13 ਡਰਾਈਵਰਾਂ ਲਈ ਦੁਰਘਟਨਾ/ਸਿਹਤ ਬੀਮਾ:
10 ਲੱਖ ਰੁਪਏ ਤੱਕ ਦਾ ਬੀਮਾ

14 ਜੀਵਨ ਬੀਮਾ:
ਕੁਦਰਤੀ ਮੌਤ 'ਤੇ 3 ਲੱਖ ਰੁਪਏ
ਦੁਰਘਟਨਾ ਮੌਤ 'ਤੇ 4 ਲੱਖ ਰੁਪਏ

## ਟੈਕਸੀ ਆਪਰੇਟਰਾਂ ਲਈ ਖਾਸ ਸਕੀਮ

15 ਊਬਰ /ਓਲਾ ਵਰਗੀਆਂ ਨਿੱਜੀ ਕੰਪਨੀਆਂ ਦੀ ਥਾਂ 'ਤੇ ਸਰਕਾਰ ਵੱਲੋਂ ਜਾਰੀ ਹੋਵੇਗੀ ਮੋਬਾਈਲ ਐਪ ਸੇਵਾ

16 ਟੈਕਸੀ ਅਪਰੇਟਰਾਂ ਤੋਂ ਨਹੀਂ ਲਿਆ ਜਾਵੇਗਾ ਕਮਿਸ਼ਨ

17 ਸਰਕਾਰ ਬੇਰੋਜ਼ਗਾਰ ਨੌਜਵਾਨਾਂ ਨੂੰ ਟੈਕਸੀ ਖਰੀਦਣ ਲਈ ਵਾਹਨ ਕਰਜ਼ੇ ਲਈ ਗਰੰਟੀ ਪ੍ਰਦਾਨ ਕਰੇਗੀ










# ਖੇਡਾਂ

01 5 ਕਰੋੜ ਰੁਪਏ ਦੀ ਇਨਾਮੀ ਰਕਮ ਨਾਲ ਵਿਸ਼ਵ ਕਬੱਡੀ ਕੱਪ ਮੁੜ ਸ਼ੁਰੂ ਕੀਤਾ ਜਾਵੇਗਾ

02 ਕ੍ਰਿਕਟ ਲੀਗ ਦੀ ਤਰਜ਼ 'ਤੇ 2 ਕਰੋੜ ਰੁਪਏ ਦੀ ਇਨਾਮੀ ਰਕਮ ਨਾਲ ਇੱਕ ਕਬੱਡੀ ਲੀਗ ਸ਼ੁਰੂ ਕੀਤੀ ਜਾਵੇਗੀ

03 ਸੂਬੇ ਦੇ ਸਾਰੇ ਜ਼ਿਲ੍ਹਿਆਂ ਤੋਂ ਭਾਗ ਲੈਣ ਵਾਲੀਆਂ ਟੀਮਾਂ ਲਈ ਇੱਕ ਕਰੋੜ ਰੁਪਏ ਦੀ ਇਨਾਮੀ ਰਕਮ ਵਾਲਾ 'ਪੰਜਾਬ ਕਬੱਡੀ ਕੱਪ'

04 ਹਰੇਕ ਹਲਕੇ ਵਿੱਚ ਉੱਚ-ਪੱਧਰੀ (ਮਲਟੀਪਰਪਜ਼) ਖੇਡ ਸਟੇਡੀਅਮ

05 ਖਿਡਾਰੀਆਂ ਲਈ 25 ਲੱਖ ਰੁਪਏ ਦਾ ਦੁਰਘਟਨਾ ਬੀਮਾ

06 ਕੋਚਾਂ ਅਤੇ ਸਹਾਇਕ ਸਟਾਫ਼ ਦੀਆਂ ਸਾਰੀਆਂ ਖਾਲੀ ਅਸਾਮੀਆਂ ਭਰੀਆਂ ਜਾਣਗੀਆਂ

07 ਸੇਵਾ-ਮੁਕਤ ਹੋਣ 'ਤੇ ਚੋਟੀ ਦੇ ਖਿਡਾਰੀਆਂ ਨੂੰ ਕੋਚ ਵਜੋਂ ਭਰਤੀ ਕੀਤਾ ਜਾਵੇਗਾ

08 'ਭਾਰਤੀ ਮਾਰਵਾੜੀ ਘੋੜਿਆਂ' ਦੀ ਨਸਲ ਨੂੰ ਉਤਸ਼ਾਹਿਤ ਕਰਨ ਲਈ, ਨਿਊ ਚੰਡੀਗੜ੍ਹ ਵਿਖੇ ਇੱਕ ਵਿਸ਼ਵ ਪੱਧਰੀ ਰੇਸ ਕੋਰਸ ਖੋਲ੍ਹਿਆ ਜਾਵੇਗਾ

09 ਪੰਜਾਬ ਦੇ ਹਰੇਕ ਪਿੰਡ ਵਿੱਚ ਖੇਡ ਦੇ ਮੈਦਾਨ ਬਣਾਏ ਜਾਣਗੇ

10 ਹਰ ਜ਼ੋਨ - ਮਾਝਾ, ਮਾਲਵਾ ਅਤੇ ਦੋਆਬਾ ਵਿੱਚ ਇੱਕ ਓਲੰਪਿਕ ਅਕੈਡਮੀ ਸਥਾਪਤ ਕੀਤੀ ਜਾਵੇਗੀ

11 ਪੰਜਾਬ ਦੇ ਪਿੰਡਾਂ ਵਿੱਚ ਐਸਟ੍ਰੋਟਰਫ਼ ਅਧਾਰਤ ਓਪਨ ਏਅਰ ਜਿਮਨੇਜ਼ੀਅਮ ਸਥਾਪਤ ਕਰਨਾ

12 ਹਰ ਬਲਾਕ ਤੋਂ ਖੇਡ ਪ੍ਰਤਿਭਾ ਦੀ ਪਛਾਣ ਕੀਤੀ ਜਾਵੇਗੀ। ਹਰੇਕ ਬਲਾਕ ਵਿੱਚ ਪੰਜਾਬ ਓਲੰਪਿਕ ਐਸੋਸੀਏਸ਼ਨ ਦੀ ਅਗਵਾਈ ਹੇਠ ਗਵਰਨਿੰਗ ਕਮੇਟੀ ਦਾ ਗਠਨ ਕੀਤਾ ਜਾਵੇਗਾ

13 ਓਲੰਪਿਕ ਖੇਡਾਂ ਵਿੱਚ ਸੋਨ ਤਮਗਾ ਜੇਤੂਆਂ ਨੂੰ 7 ਕਰੋੜ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸੇ ਤਰ੍ਹਾਂ, ਏਸ਼ੀਅਨ ਖੇਡਾਂ ਵਿੱਚ ਗੋਲਡ ਅਵਾਰਡ ਜੇਤੂਆਂ ਨੂੰ 3 ਕਰੋੜ ਰੁਪਏ ਅਤੇ ਕਾਮਨਵੈਲਥ ਖੇਡਾਂ ਦੇ ਸੋਨ ਤਮਗਾ ਜੇਤੂਆਂ ਨੂੰ 1 ਕਰੋੜ ਰੁਪਏ ਮਿਲਣਗੇ

14 ਸੂਬੇ ਦੇ ਵੱਖ-ਵੱਖ ਖੇਤਰਾਂ ਵਿੱਚ ਵਿਸ਼ਵ ਪੱਧਰੀ ਤੈਰਾਕੀ ਸਿਖਲਾਈ ਕੰਪਲੈਕਸ ਸਥਾਪਤ ਕੀਤੇ ਜਾਣਗੇ

15 ਦੋਆਬੇ ਵਿੱਚ ਹਾਕੀ ਲਈ ਸੈਂਟਰ ਆਫ ਐਕਸੀਲੈਂਸ ਖੋਲ੍ਹਿਆ ਜਾਵੇਗਾ

16 ਮਾਝਾ, ਮਾਲਵਾ ਅਤੇ ਦੋਆਬਾ ਵਿੱਚ ਇੱਕ-ਇੱਕ ਸਕੂਲ ਅਤੇ ਕੁੱਲ ਤਿੰਨ ਨਵੇਂ ਸਪੋਰਟਸ ਸਕੂਲ ਖੋਲ੍ਹੇ ਜਾਣਗੇ







# ਨਸ਼ੇ ਦੀ ਰੋਕਥਾਮ

01 ਕਾਂਗਰਸ ਸਰਕਾਰ ਦੇ ਰਾਜ ਵਿੱਚ ਫੈਲੇ ਡਰੱਗ ਮਾਫੀਏ ਦਾ ਸਫਾਇਆ ਹੋਵੇਗਾ
02 ਨਸ਼ਾ ਤਸਕਰਾਂ, ਵੇਚਣ ਵਾਲਿਆਂ ਅਤੇ ਉਨ੍ਹਾਂ ਦੇ ਆਕਾਵਾਂ ਦੀ ਪਛਾਣ ਕਰਨ ਲਈ ਵਿਸ਼ੇਸ਼ ਅਭਿਆਨ ਚਲਾਏ ਜਾਣਗੇ, ਤਾਂ ਜੋ ਉਨ੍ਹਾਂ ਦੇ ਖਿਲਾਫ਼ ਤੁਰੰਤ ਕਾਰਵਾਈ ਨੂੰ ਯਕੀਨੀ ਬਣਾਇਆ ਜਾਵੇ
03 ਨਸ਼ੇ ਦੀ ਮਾਰ ਹੇਠ ਆਏ ਪਰਿਵਾਰਾਂ ਦੇ ਮੈਂਬਰਾਂ ਨੂੰ ਨਸ਼ਾ ਛੱਡਣ ਦੇ ਇਲਾਜ ਲਈ ਵਿਸ਼ੇਸ਼ ਸਹਾਇਤਾ
04 ਸਰਕਾਰ ਨਵੇਂ ਨਸ਼ਾ ਛੁਡਾਊ ਕੇਂਦਰ ਅਤੇ ਮੁੜ ਵਸੇਬੇ ਕੇਂਦਰਾਂ ਨੂੰ ਬੁਨਿਆਦੀ ਢਾਂਚਾ, ਮੈਨਪਾਵਰ ਅਤੇ ਡਾਕਟਰ ਦੀ ਮਾਹਿਰ ਟੀਮ ਨਾਲ ਸਥਾਪਿਤ ਕਰੇਗੀ
05 ਸਰਕਾਰ ਨਸ਼ੇ ਦੇ ਆਦੀਆਂ ਲਈ ਇੱਕ ਸਾਲ ਦੇ ਵੋਕੇਸ਼ਨਲ ਟ੍ਰੇਨਿੰਗ ਕੋਰਸ ਦੀ ਪੇਸ਼ਕਸ਼ ਕਰੇਗੀ
06 ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਬਾਰੇ ਜਾਗਰੂਕਤਾ ਦੇ ਪਸਾਰੇ ਲਈ ਨਸ਼ਾ ਜਾਗਰੂਕਤਾ ਨਾਮ ਦਾ ਪਾਠ ਸ਼ਾਮਲ ਕੀਤਾ ਜਾਵੇਗਾ
07 ਹਰ ਪਿੰਡ ਸਮੇਤ ਸ਼ਹਿਰਾਂ ਦੇ ਮਿਊਂਸੀਪਲ ਵਾਰਡਾਂ ਵਿੱਚ ਨਸ਼ਾ ਛਡਾਊ ਕਮੇਟੀਆਂ ਦੀ ਸਥਾਪਨਾ
08 ਐੱਨ.ਡੀ.ਪੀ.ਐੱਸ. ਦੇ ਹੁਕਮਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਨਸ਼ੀਲੇ ਪਦਾਰਥਾਂ ਦੀ ਸੂਬੇ ਵਿੱਚ ਲਾਈਸੈਂਸ ਅਤੇ ਵਿਕਰੀ ਲਈ ਕਾਨੂੰਨ ਬਣਾਉਣਾ
09 ਮੁੱਖ ਮੰਤਰੀ ਅਤੇ ਸੂਬੇ ਦੇ ਸਾਂਝੇ ਕੰਟਰੋਲ ਅਧੀਨ ਸੂਬਾ ਪੱਧਰੀ ਡਰੱਗ ਵਾਰ ਰੂਮ ਸਥਾਪਿਤ ਕਰਨਾ

# ਕਾਨੂੰਨ ਅਤੇ ਵਿਵਸਥਾ

01 ਸੂਬੇ ਭਰ ਵਿੱਚ ਸੀ.ਸੀ.ਟੀ.ਵੀ. ਕੈਮਰਾ ਨੈੱਟਵਰਕ ਦਾ ਵਿਸਥਾਰ ਕਰ ਨਾਗਰਿਕਾਂ ਨੂੰ ਸੁਰੱਖਿਆ ਦੀ ਭਾਵਨਾ ਪ੍ਰਦਾਨ ਕੀਤੀ ਜਾਵੇਗੀ
02 ਮਹਿਲਾ ਕਾਂਸਟੇਬਲਾਂ ਦੀ ਤਾਕਤ ਅਤੇ ਸੰਖਿਆ ਵਧਾਈ ਜਾਵੇਗੀ
03 ਮਹਿਲਾ ਥਾਣਿਆਂ ਦੀ ਗਿਣਤੀ ਵਧਾਈ ਜਾਵੇਗੀ
04 ਪੰਜਾਬ ਹੋਮਗਾਰਡ ਜਵਾਨਾਂ ਦੀ ਰੈਗੂਲਰ ਆਧਾਰ 'ਤੇ ਭਰਤੀ ਕੀਤੀ ਜਾਵੇਗੀ
05 ਪੀ.ਐੱਚ.ਜੀ ਜਵਾਨਾਂ ਨੂੰ ਪੁਲਿਸ ਦੀ ਭਰਤੀ ਵਿੱਚ 10% ਕੋਟਾ ਦਿੱਤਾ ਜਾਵੇਗਾ

# ਪਾਰਦਰਸ਼ੀ ਰੇਤ ਮਾਈਨਿੰਗ ਅਤੇ ਸ਼ਰਾਬ ਨੀਤੀ

## ਰੇਤ ਮਾਫ਼ੀਏ ਦੇ ਖਾਤਮੇ ਲਈ

01 ਰੇਤ ਦੀ ਵਿਕਰੀ ਲਈ ਸਰਕਾਰੀ ਨਿਗਮ ਦਾ ਗਠਨ
02 ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਸਰਕਾਰ ਲੋੜੀਂਦੇ ਸਥਾਨਾਂ 'ਤੇ ਸੀਸੀਟੀਵੀ ਕੈਮਰੇ ਲਗਾਵੇਗੀ

## ਸ਼ਰਾਬ ਮਾਫ਼ੀਏ ਦੇ ਖਾਤਮੇ ਲਈ

01 ਸ਼ਰਾਬ ਮਾਫ਼ੀਆ ਨੂੰ ਖਤਮ ਕਰਨ ਲਈ ਸੂਬੇ ਵਿੱਚ ਸ਼ਰਾਬ ਦੀ ਵਿਕਰੀ ਲਈ ਸਰਕਾਰੀ ਨਿਗਮ ਦਾ ਗਠਨ





# ਪ੍ਰਸ਼ਾਸਨ ਸੁਧਾਰ

01 ਕਾਂਗਰਸ ਸਰਕਾਰ ਵੱਲੋਂ ਲਏ ਗਏ ਸਾਰੇ ਫ਼ੈਸਲਿਆਂ ਦੀ ਸਮੀਖਿਆ ਕਰਕੇ ਲੋਕ ਵਿਰੋਧੀ ਫ਼ੈਸਲਿਆਂ ਨੂੰ ਰੱਦ ਕਰਨ ਲਈ ਕਮਿਸ਼ਨ ਦਾ ਗਠਨ ਕਰਾਂਗੇ

02 ਸਾਰੇ ਝੂਠੇ ਪੁਲਿਸ ਕੇਸਾਂ ਦੀ ਸਮੀਖਿਆ ਕਰਨ ਅਤੇ ਉਨ੍ਹਾਂ ਨੂੰ ਤੁਰੰਤ ਪ੍ਰਭਾਵ ਨਾਲ ਰੱਦ ਕਰਨ ਲਈ ਕਮਿਸ਼ਨ ਦਾ ਗਠਨ। ਕਮਿਸ਼ਨ ਇਸ ਗੈਰ-ਕਾਨੂੰਨੀ ਗਤੀਵਿਧੀ ਲਈ ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਸਮੀਖਿਆ ਕਰੇਗਾ ਅਤੇ ਉਨ੍ਹਾਂ ਵਿਰੁੱਧ ਕਾਰਵਾਈ ਦੀ ਸਿਫਾਰਸ਼ ਕਰੇਗਾ

03 ਸਾਰੇ ਸਰਕਾਰੀ ਦਫ਼ਤਰਾਂ ਦਾ ਪੂਰੀ ਤਰ੍ਹਾਂ ਡਿਜੀਟਲੀਕਰਨ

04 ਨਾਗਰਿਕਾਂ 'ਤੇ ਭਰੋਸਾ ਦਿਖਾਉਂਦੇ ਹੋਏ ਅਸੀਂ ਉਨ੍ਹਾਂ ਦੁਆਰਾ ਸਵੈ-ਪ੍ਰਮਾਣੀਕਰਨ ਨੂੰ ਉਤਸ਼ਾਹਿਤ ਕਰਾਂਗੇ। ਸਰਕਾਰ ਦਸਤਾਵੇਜ਼ਾਂ ਦੀ ਤਸਦੀਕ ਦੀ ਰਸਮ ਸਮੇਤ ਵੱਖ-ਵੱਖ ਅਰਜ਼ੀਆਂ ਅਤੇ ਫਾਰਮਾਂ ਨੂੰ ਖ਼ਤਮ ਕਰੇਗੀ

05 ਸ਼੍ਰੋਮਣੀ ਅਕਾਲੀ ਦਲ ਨਵੀਂ ਨੀਤੀ ਅਤੇ ਗਵਰਨੈਂਸ ਦੇ ਵਿਚਾਰਾਂ ਦੀ ਸਿਰਜਣਾ ਲਈ 'ਪੰਜਾਬ ਸੈਂਟਰ ਫਾਰ ਇੰਪੈਕਟਫੁੱਲ ਗਵਰਨੈਂਸ' ਪਲੇਟਫਾਰਮ ਦੀ ਸਥਾਪਨਾ ਕਰੇਗਾ ਜੋ ਜਨਤਾ ਤੋਂ ਸੁਝਾਅ ਮੰਗੇਗਾ

06 ਸਰਕਾਰ ਭ੍ਰਿਸ਼ਟਾਚਾਰ ਵਿਰੋਧੀ ਸੈੱਲ ਦੀ ਸਥਾਪਨਾ ਕਰੇਗੀ ਜੋ ਸਰਕਾਰੀ ਵਿਭਾਗਾਂ ਵਿੱਚ ਪ੍ਰਚਲਿਤ ਭ੍ਰਿਸ਼ਟਾਚਾਰ ਜਾਂ ਦੁਰਵਿਵਹਾਰ ਦੀਆਂ ਗਤੀਵਿਧੀਆਂ ਨੂੰ ਨੱਥ ਪਾਉਣ ਲਈ ਵਿਜੀਲੈਂਸ ਬਿਊਰੋ ਨਾਲ ਮਿਲ ਕੇ ਕੰਮ ਕਰੇਗਾ

07 ਪੰਜਾਬ ਭਰ ਵਿੱਚ ਸਥਾਨਕ ਸ਼ਿਕਾਇਤ ਨਿਵਾਰਨ ਅਤੇ ਸਰਕਾਰੀ ਸਕੀਮਾਂ ਅਤੇ ਸੇਵਾਵਾਂ ਬਾਰੇ ਜਾਣਕਾਰੀ ਦੇ ਪ੍ਰਸਾਰ ਲਈ ਸਰਕਾਰ ਇੱਕ ਮੁੱਖ ਮੰਤਰੀ ਯੂਥ ਟਾਸਕ ਫੋਰਸ ਦਾ ਗਠਨ ਕਰੇਗੀ, ਜਿਸ ਵਿੱਚ ਲਗਭਗ 1,35,000 ਪੇਂਡੂ ਨੌਜਵਾਨ ਅੰਬੈਸਡਰ ਹੋਣਗੇ

08 ਸਰਕਾਰ ਪਿੰਡਾਂ ਅਤੇ ਨਗਰ ਪਾਲਿਕਾਵਾਂ ਵਿੱਚ ਸੇਵਾ ਕੇਂਦਰਾਂ ਦੀ ਮੁੜ ਸਥਾਪਨਾ ਕਰੇਗੀ

09 ਸ਼੍ਰੋਮਣੀ ਅਕਾਲੀ ਦਲ ਇੱਕ ਵੈੱਬ ਪੋਰਟਲ ਸਥਾਪਤ ਕਰੇਗਾ ਜੋ ਸਿੰਗਲ ਵਿੰਡੋ ਸੇਵਾ ਅਤੇ ਸ਼ਿਕਾਇਤ ਨਿਵਾਰਣ ਪ੍ਰਣਾਲੀ (ਔਨਲਾਈਨ ਅਤੇ ਔਫਲਾਈਨ) ਵਜੋਂ ਕੰਮ ਕਰੇਗਾ।
ਹੇਰਾਫੇਰੀ ਅਤੇ ਜਾਅਲਸਾਜ਼ੀ ਦੀਆਂ ਸੰਭਾਵਨਾਵਾਂ ਨੂੰ ਘੱਟ ਤੋਂ ਘੱਟ ਕਰਨ ਨੂੰ ਯਕੀਨੀ
ਬਣਾਉਣ ਲਈ ਸਰਕਾਰ ਸਾਰੇ ਜ਼ਮੀਨੀ ਰਿਕਾਰਡਾਂ ਦਾ ਡਿਜੀਟਲੀਕਰਨ ਕਰੇਗੀ
ਸਰਕਾਰ ਚੁਣੇ ਹੋਏ ਨੁਮਾਇੰਦਿਆਂ ਅਤੇ ਜਨਤਾ ਵਿਚਕਾਰ ਨਿਯਮਤ ਸਮੇਂ-ਸਮੇਂ 'ਤੇ
10 ਇੰਟਰਫੇਸ ਦੇ ਨਾਲ-ਨਾਲ ਜਵਾਬਦੇਹ ਸ਼ਾਸਨ ਅਤੇ ਜ਼ਮੀਨੀ ਹਕੀਕਤਾਂ ਦਾ ਮੁਲਾਂਕਣ ਕਰਨ
ਲਈ ਫੀਡਬੈਕ ਵਿਧੀ ਨੂੰ ਯਕੀਨੀ ਬਣਾਏਗੀ

11 ਅਸੀਂ ਡੋਰਸਟੈਪ ਵੈਲਫੇਅਰ ਸਰਵਿਸ ਡਿਲੀਵਰੀ ਸਕੀਮ ਪੇਸ਼ ਕਰਾਂਗੇ ਜਿਸ ਵਿੱਚ ਸਕੀਮ ਲਈ ਘਰ-ਘਰ ਅਰਜ਼ੀ ਅਤੇ ਮਨਰੇਗਾ ਮਜ਼ਦੂਰੀ ਅਤੇ ਸਮਾਜਿਕ ਸੁਰੱਖਿਆ ਪੈਨਸ਼ਨ ਵਰਗੀਆਂ ਸਕੀਮਾਂ ਲਈ ਨਕਦੀ ਵਿੱਚ ਪੈਸੇ ਦੀ ਘਰ-ਘਰ ਡਿਲੀਵਰੀ ਸ਼ਾਮਲ ਹੋਵੇਗੀ

12 ਸਰਕਾਰ ਪਿੰਡਾਂ ਦੀ ਲਾਲ ਡੋਰਾ ਦੀ ਹੱਦ ਅੰਦਰ ਮਕਾਨਾਂ ਵਾਲੇ ਲੋਕਾਂ ਨੂੰ ਮਾਲਕੀ ਹੱਕ ਦੇਵੇਗੀ



# ਬਿਜਲੀ

01 ਵੱਧ ਰਹੀ ਮੰਗ ਨੂੰ ਪੂਰਾ ਕਰਨ ਲਈ ਸਥਾਪਿਤ ਬਿਜਲੀ ਸਮਰੱਥਾ ਨੂੰ ਦੁੱਗਣਾ ਕਰਨਾ
02 ਇੱਕ ਬਿਲਿੰਗ ਚੱਕਰ ਵਿੱਚ ਸਭ ਨੂੰ 800 ਯੂਨਿਟ ਮੁਫ਼ਤ ਬਿਜਲੀ
03 ਮੰਦਰਾਂ, ਮਸਜਿਦਾਂ, ਚਰਚਾਂ ਅਤੇ ਗੁਰਦੁਆਰਿਆਂ ਲਈ ਬਿਜਲੀ ਦੇ ਬਿੱਲਾਂ ਦੀ ਮੁਆਫ਼ੀ
04 ਝੀਲਾਂ, ਨਹਿਰਾਂ ਅਤੇ ਛੱਤਾਂ 'ਤੇ ਸੂਰਜੀ ਊਰਜਾ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨਾ

## ਸੂਰਜੀ ਊਰਜਾ ਵਿੱਚ ਇਨਕਲਾਬੀ ਤਬਦੀਲੀ

ਸਰਕਾਰ ਹਰ ਘਰ ਅਤੇ ਕੰਮ ਕਰਨ ਵਾਲੀ ਇਕਾਈ ਨੂੰ ਸਦਾ ਲਈ ਭਰੋਸੇਯੋਗ, ਸਾਫ਼ ਅਤੇ ਮੁਫ਼ਤ ਬਿਜਲੀ ਦੇਣ ਲਈ ਸੂਰਜੀ ਊਰਜਾ 'ਤੇ ਪੂਰੀ ਤਰ੍ਹਾਂ ਤਬਦੀਲ ਕਰਨ ਲਈ ਸੂਬਾ ਪੱਧਰੀ ਪਹਿਲਕਦਮੀ ਕਰੇਗੀ
ਪੇਂਡੂ ਪੰਜਾਬ ਲਈ ਇਨਕਲਾਬੀ ਨਜ਼ਰੀਆ

# ਵਾਤਾਵਰਨ

## ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ॥

01 ਜ਼ਮੀਨੀ ਪਾਣੀ ਦੇ ਡਿੱਗਦੇ ਪੱਧਰ ਨੂੰ ਰੋਕਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਕਿਉਂਕਿ ਜ਼ਮੀਨੀ ਪਾਣੀ ਦਾ ਡਿੱਗਦਾ ਪੱਧਰ ਸੂਬੇ ਨੂੰ ਮਾਰੂਥਲ ਵਿੱਚ ਬਦਲਣ ਦਾ ਖਤਰਾ ਦਰਸ਼ਾ ਰਿਹਾ ਹੈ
02 ਦਰਿਆਈ ਪਾਣੀਆਂ ਦੇ ਪ੍ਰਦੂਸ਼ਣ ਨਾਲ ਨਜਿੱਠਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ, ਖਾਸ ਕਰਕੇ ਬੁੱਢੇ ਨਾਲੇ ਦੇ ਲਈ। ਜਲ ਜੀਵਨ ਨੂੰ ਬਚਾਉਣ ਲਈ ਨਿਯਮਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ
03 ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਰਹਿੰਦ-ਖੂੰਹਦ ਦੇ ਪ੍ਰਬੰਧਨ ਲਈ ਵਿਆਪਕ ਅਤੇ ਵਿਗਿਆਨਕ ਤਕਨੀਕਾਂ ਅਪਣਾਈਆਂ ਜਾਣਗੀਆਂ
04 ਪੰਜਾਬ ਵਿੱਚ ਜੰਗਲਾਤ ਖੇਤਰ ਨੂੰ 10% ਤੱਕ ਵਧਾਉਣ ਲਈ ਯਤਨ ਕੀਤੇ ਜਾਣਗੇ
05 ਸ਼ੋਰ ਪ੍ਰਦੂਸ਼ਣ ਨਾਲ ਨਜਿੱਠਣ ਲਈ ਵਿਸ਼ੇਸ਼ ਕਾਨੂੰਨ ਲਾਗੂ ਕੀਤੇ ਜਾਣਗੇ
06 ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕੰਮਕਾਜ ਨੂੰ ਵਿਗਿਆਨਕ ਲੀਹਾਂ 'ਤੇ ਸੁਚਾਰੂ ਬਣਾਇਆ ਜਾਵੇਗਾ



# ਵਿਰਾਸਤ

01 4 ਸਾਹਿਬਜ਼ਾਦਿਆਂ ਦੀ ਮਿਸਾਲੀ ਸ਼ਹਾਦਤ ਲਈ ਵਿਸ਼ਵ ਪੱਧਰੀ ਵਿਰਾਸਤੀ ਯਾਦਗਾਰ ਦੀ ਸਥਾਪਨਾ
02 ਪਾਵਨ ਨਗਰ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਦਿੱਤੀ ਜਾਵੇਗੀ ਵਿਰਾਸਤੀ ਦਿੱਖ
03 ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਚੁਗਿਰਦੇ ਦਾ ਵਿਰਾਸਤੀ ਮਾਰਗ ਦੀ ਤਰਜ਼ ’ਤੇ ਹੋਵੇਗਾ ਸੁੰਦਰੀਕਰਨ
04 ਹੁਸ਼ਿਆਰਪੁਰ ਦੇ ਖੁਰਾਲਗੜ੍ਹ ਸਾਹਿਬ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਤਪ ਅਸਥਾਨ ਵਿਖੇ ਅਤਿ ਆਧੁਨਿਕ ਯਾਦਗਾਰ ਨੂੰ ਪਹਿਲ ਦੇ ਆਧਾਰ ’ਤੇ ਮੁਕੰਮਲ ਕੀਤਾ ਜਾਵੇਗਾ
05 ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਈ ਜੀਵਨ ਸਿੰਘ ਜੀ ਦੀ ਵਿਸ਼ਾਲ ਯਾਦਗਾਰ ਸਥਾਪਿਤ ਕੀਤੀ ਜਾਵੇਗੀ
06 ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਭਗਵਾਨ ਵਾਲਮੀਕਿ ਜੀ ਤੀਰਥ ਸਥਲ ਦਾ ਨਵੀਨੀਕਰਨ
07 ਪੰਜਾਬੀ ਸੱਭਿਆਚਾਰ, ਵਿਰਸੇ ਨੂੰ ਸੰਭਾਲਣ ਅਤੇ ਪ੍ਰਫੁੱਲਿਤ ਕਰਨ ਤਹਿਤ ਨਾਲ ਹੀ ਅਸ਼ਲੀਲਤਾ ਅਤੇ ਹਿੰਸਾ ਦੇ ਰੁਝਾਨਾਂ ਨਾਲ ਲੜਨ ਲਈ ਕਲਾ ਅਤੇ ਸੱਭਿਆਚਾਰ ਦੇ ਖੇਤਰ ਦੀਆਂ ਉੱਘੀਆਂ ਸ਼ਖਸੀਅਤਾਂ ਦੀ ਦੇਖ-ਰੇਖ ਵਿੱਚ ਇੱਕ ਉੱਚ-ਪੱਧਰੀ ਵਿਰਾਸਤੀ ਬੋਰਡ ਬਣਾਇਆ ਜਾਵੇਗਾ
08 ਪੰਜਾਬੀਆਂ ਦੀ ਕਲਾ, ਸਾਹਿਤ ਅਤੇ ਸੱਭਿਆਚਾਰ ਦੀ ਨੂੰ ਹੋਰ ਪ੍ਰਫੁੱਲਿਤ ਕਰਨ ਲਈ ‘ਪੰਜਾਬੀ ਵਿਰਾਸਤੀ ਯੂਨੀਵਰਸਿਟੀ’ ਦੀ ਸਥਾਪਨਾ
09 ਵਿਸ਼ਵ ਪੱਧਰੀ ਤਰਜ਼ ’ਤੇ ਵਿਰਾਸਤ-ਏ-ਪੰਜਾਬ ਯਾਦਗਾਰ ਦੀ ਸਥਾਪਨਾ
10 ਕਲਾ, ਸਾਹਿਤ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਅਤੇ ਜਿੱਥੇ ਵੀ ਲੋੜ ਹੋਵੇ, ਕਿਤਾਬਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਸਮੇਤ ਹਰ ਸੰਭਵ ਸਹਾਇਤਾ ਰਾਹੀਂ ਰਚਨਾਤਮਕਤਾ ਨੂੰ ਉਤਸ਼ਾਹਿਤ ਕੀਤਾ ਜਾਵੇਗਾ
11 ਸੂਬੇ ਦੇ ਸਾਰੇ ਪ੍ਰਮੁੱਖ ਕੇਂਦਰਾਂ ’ਤੇ ਵਿਰਾਸਤੀ ਅਕੈਡਮੀਆਂ ਸਥਾਪਤ ਕੀਤੀਆਂ ਜਾਣਗੀਆਂ
12 ਉੱਚਾ ਪਿੰਡ ਸੰਘੋਲ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕੀਤਾ ਜਾਵੇਗਾ
13 ਮਾਲੇਰਕੋਟਲਾ ਦੀ ਅਮੀਰ ਵਿਰਾਸਤ ਨੂੰ ਸੈਰ-ਸਪਾਟੇ ਵਜੋਂ ਵਿਕਸਤ ਕੀਤਾ ਜਾਵੇਗਾ
14 ਪਿੰਡ ਮਾਈਸਰ ਖਾਨਾ ਨੂੰ ਧਾਰਮਿਕ ਸੈਰ-ਸਪਾਟੇ ਵਜੋਂ ਵਿਕਸਤ ਕੀਤਾ ਜਾਵੇਗਾ



# ਭਾਸ਼ਾ, ਸਾਹਿਤ, ਕਲਾ ਅਤੇ ਸੱਭਿਆਚਾਰ

01 ਰਾਸ਼ਟਰੀ ਰਾਜਧਾਨੀ ਦੇ ਨਾਲ-ਨਾਲ ਦੇਸ਼ ਦੇ ਸਾਰੇ ਸੂਬਿਆਂ ਦੀਆਂ ਰਾਜਧਾਨੀਆਂ ਵਿੱਚ ਅਲਾਇੰਸ ਫ੍ਰੈਂਕਾਇਜ਼ ਦੀ ਤਰਜ਼ 'ਤੇ ਇੱਕ ਪੰਜਾਬੀ ਭਾਸ਼ਾ/ਸੱਭਿਆਚਾਰਕ ਸੰਸਥਾ ਦੀ ਸਥਾਪਨਾ ਕੀਤੀ ਜਾਵੇਗੀ

02 51 ਲੱਖ ਰੁਪਏ ਦੀ ਇਨਾਮੀ ਰਕਮ ਨਾਲ ਭਾਈ ਕਾਹਨ ਸਿੰਘ ਲਾਈਫ ਟਾਈਮ ਅਚੀਵਮੈਂਟ ਐਵਾਰਡ ਦੀ ਸ਼ੁਰੂਆਤ

03 ਸ਼੍ਰੋਮਣੀ ਸਾਹਿਤ ਪੁਰਸਕਾਰ ਜੇਤੂਆਂ ਨੂੰ 10 ਲੱਖ ਰੁਪਏ ਦਿੱਤੇ ਜਾਣਗੇ

04 ਸਰਵੋਤਮ ਸਾਹਿਤਕ ਪੁਸਤਕ ਪੁਰਸਕਾਰਾਂ ਲਈ ਇਨਾਮੀ ਰਕਮ 21,000 ਰੁਪਏ ਤੋਂ ਵਧਾ ਕੇ 1 ਲੱਖ ਰੁਪਏ ਤੱਕ ਕੀਤੀ ਜਾਵੇਗੀ

05 ਇੱਕ ਪੰਜਾਬੀ ਡਿਜੀਟਲ ਆਰਕਾਈਵ ਬਣਾਇਆ ਜਾਵੇਗਾ ਜਿਸ ਵਿੱਚ ਸਾਰੀਆਂ ਪੰਜਾਬੀ ਪੁਰਾਤਨ ਲਿਖਤਾਂ ਅਤੇ ਸਾਹਿਤਕ ਲਿਖਤਾਂ (ਕਲਾਸਿਕਸ) ਦੇ ਪ੍ਰਸਾਰ ਲਈ ਦੁਨੀਆ ਦੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਵੇਗਾ

06 'ਮੇਡ ਇਨ ਪੰਜਾਬ' ਅਤੇ ਪੰਜਾਬ ਦੇ ਸੱਭਿਆਚਾਰਕ ਵਿਰਸੇ ਨੂੰ ਪ੍ਰਮੋਟ ਕਰਨ ਲਈ, ਪੰਜਾਬੀ ਦਸਤਕਾਰੀ ਕਾਰੀਗਰਾਂ/ਕਾਰਪੋਰੇਸ਼ਨਾਂ ਦੁਆਰਾ ਜੀਆਈ ਟੈਗ ਪ੍ਰਾਪਤ ਕਰਨ ਲਈ ਅਰਜ਼ੀ ਪ੍ਰਕਿਰਿਆ ਨੂੰ ਆਸਾਨ ਬਣਾਇਆ ਜਾਵੇਗਾ

07 ਅਤਿ-ਆਧੁਨਿਕ ਬੁਨਿਆਦੀ ਢਾਂਚੇ ਦੇ ਨਾਲ ਚਾਰ ਥੀਏਟਰ ਅਖਾੜੇ (ਐਂਫੀਥੀਏਟਰ) ਬਣਾਏ ਜਾਣਗੇ

08 ਪੰਜਾਬ ਵਿੱਚ ਭਾਰਤ ਦੀ ਸਭ ਤੋਂ ਵੱਡੀ ਫਿਲਮ ਸਿਟੀ ਦੀ ਸਥਾਪਨਾ

09 ਸੱਭਿਆਚਾਰਕ ਸਮਾਗਮਾਂ ਅਤੇ ਫਿਲਮ ਨਿਰਮਾਣ ਦੇ ਆਯੋਜਨ ਲਈ ਸਾਰੀਆਂ ਇਜਾਜ਼ਤਾਂ ਲਈ ਵਨ-ਸਟਾਪ ਕਲੀਅਰੈਂਸ

10 ਪੰਜਾਬ ਵਿੱਚ ਫਿਲਮ ਨਿਰਮਾਣ ਲਈ ਸਬਸਿਡੀ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ

11 ਪੰਜਾਬੀ ਫਿਲਮ ਦਾ ਰੋਜ਼ਾਨਾ ਇੱਕ ਸ਼ੋਅ ਸਿਨੇਮਾਘਰਾਂ ਵਿੱਚ ਲਾਜ਼ਮੀ ਕੀਤਾ ਜਾਵੇਗਾ

12 ਪ੍ਰਸਿੱਧ ਪੰਜਾਬੀ ਲੋਕ ਕਲਾਕਾਰਾਂ ਲਈ ਪੈਨਸ਼ਨ ਸਕੀਮ

13 ਡੀ.ਆਈ.ਪੀ.ਆਰ. ਦੁਆਰਾ ਮਾਨਤਾ ਪ੍ਰਾਪਤ ਬਜ਼ੁਰਗ ਪੰਜਾਬੀ ਕਲਾਕਾਰਾਂ ਦਾ ਮੁਫ਼ਤ ਮੈਡੀਕਲ ਬੀਮਾ

14 ਸੰਗੀਤ, ਟੈਲੀਵਿਜ਼ਨ ਅਤੇ ਫਿਲਮਾਂ ਵਿੱਚ ਸਰਵੋਤਮ ਪ੍ਰਤਿਭਾ ਲਈ ਪੁਰਸਕਾਰ

15 ਪੂਨੇ ਇੰਸਟੀਚਿਊਟ ਅਤੇ ਨੈਸ਼ਨਲ ਸਕੂਲ ਆਫ਼ ਡਰਾਮਾ ਦੀ ਤਰਜ਼ 'ਤੇ ਪੇਸ਼ੇਵਰ ਸਿਖਲਾਈ ਦੇਣ ਲਈ ਮੁਹਾਲੀ ਵਿੱਚ ਫਿਲਮ ਅਤੇ ਥੀਏਟਰ ਇੰਸਟੀਚਿਊਟ ਦੀ ਸਥਾਪਨਾ

16 ਬੱਚਿਆਂ ਲਈ ਜ਼ਿਲ੍ਹਾ ਪੱਧਰੀ ਸਮਰ ਕੈਂਪਾਂ ਦੀ ਮੇਜ਼ਬਾਨੀ ਲਈ ਪ੍ਰਤੀ ਗਰੁੱਪ 1 ਲੱਖ ਰੁਪਏ ਫੰਡ



# ਕਰਮਚਾਰੀਆਂ ਲਈ ਸਹੂਲਤਾਂ

01 2004 ਵਿੱਚ ਬੰਦ ਕੀਤੀ ਗਈ ਪੁਰਾਣੀ ਪੈਨਸ਼ਨ ਸਕੀਮ ਦੀ ਮੁੜ ਸੁਰਜੀਤੀ
02 ਠੇਕੇ 'ਤੇ ਰੱਖੇ ਕਰਮਚਾਰੀਆਂ/ਸਫ਼ਾਈ ਕਰਮਚਾਰੀਆਂ/ਆਊਟਸੋਰਸਡ ਕਰਮਚਾਰੀਆਂ ਨੂੰ ਪੱਕਾ ਕੀਤਾ ਜਾਵੇਗਾ
03 ਛੁੱਟੀ ਯਾਤਰਾ ਰਿਆਇਤ (ਐੱਲ.ਟੀ.ਸੀ.) ਨੂੰ ਸੋਧਣਾ
04 ਬਦਲਾਖੋਰੀ ਤਹਿਤ ਕਾਂਗਰਸ ਸਰਕਾਰ ਦੁਆਰਾ ਦਰਜ ਕੀਤੇ ਗਏ ਸਾਰੇ ਝੂਠੇ ਕੇਸ ਵਾਪਸ ਲਏ ਜਾਣਗੇ
05 ਕਾਲਜ ਅਧਿਆਪਕਾਂ ਦੀ ਤਨਖਾਹ ਨੂੰ ਯੂ.ਜੀ.ਸੀ. ਪੈਟਰਨ ਤੋਂ ਵੱਖ ਨਹੀਂ ਕੀਤਾ ਜਾਵੇਗਾ
06 ਅਧਿਆਪਕਾਂ ਦੀ ਭਰਤੀ ਬੀ.ਐੱਡ ਅਤੇ ਈ.ਟੀ.ਟੀ ਯੋਗਤਾ ਦੇ ਆਧਾਰ 'ਤੇ ਕੀਤੀ ਜਾਵੇਗੀ
07 ਆਂਗਣਵਾੜੀ ਵਰਕਰਾਂ ਨੂੰ ਪ੍ਰੀ-ਨਰਸਰੀ ਟੀਚਰ ਦਾ ਦਰਜਾ ਦਿੱਤਾ ਜਾਵੇਗਾ
08 ਆਸ਼ਾ ਵਰਕਰਾਂ ਦਾ ਮਾਣ ਭੱਤਾ 2500 ਰੁਪਏ ਤੋਂ ਵਧਾ ਕੇ 5000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇਗਾ
09 ਮਿਡ ਡੇ ਮੀਲ ਵਰਕਰਾਂ ਦਾ ਮੌਜੂਦਾ ਮਾਣ ਭੱਤਾ ਵਧਾ ਕੇ ਦੁੱਗਣਾ ਕੀਤਾ ਜਾਵੇਗਾ
10 7ਵੇਂ ਤਨਖ਼ਾਹ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਕੇ ਸਿਫ਼ਾਰਿਸ਼ਾਂ ਹੋਣਗੀਆਂ ਲਾਗੂ
11 ਕੈਸ਼ਲੈੱਸ ਮੈਡੀਕਲ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ
12 ਖਾਲੀ ਪਈਆਂ ਅਸਾਮੀਆਂ ਨੂੰ ਲੋੜ ਅਨੁਸਾਰ ਸਮੇਂ ਦੇ ਵਕਫ਼ਿਆਂ ਨਾਲ ਭਰਿਆ ਜਾਵੇਗਾ
13 ਹਰ ਦੋ ਸਾਲ ਵਿੱਚ ਇੱਕ ਵਾਰ, ਛੁੱਟੀ ਯਾਤਰਾ ਰਿਆਇਤ (ਐੱਲਟੀਸੀ) ਪ੍ਰਦਾਨ ਕੀਤੀ ਜਾਵੇਗੀ

# ਮੀਡੀਆ ਭਾਈਚਾਰਾ

01 ਅਕਾਲੀ-ਬਸਪਾ ਗੱਠਜੋੜ ਪ੍ਰੈੱਸ ਦੀ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਵਚਨਬੱਧ ਹੈ
02 ਸਾਡੀ ਸਰਕਾਰ ਖੋਜੀ ਪੱਤਰਕਾਰਤਾ ਅਤੇ ਜਨਤਕ ਹਿੱਤਾਂ ਲਈ ਕੰਮ ਕਰਨ ਵਾਲੇ ਪੱਤਰਕਾਰਾਂ ਦੀ ਸੁਰੱਖਿਆ ਲਈ ਵਚਨਬੱਧ
03 ਸਰਕਾਰ ਸੂਬੇ ਭਰ ਵਿੱਚ ਪੱਤਰਕਾਰ ਹਾਊਸਿੰਗ ਸੁਸਾਇਟੀਆਂ ਨੂੰ ਜ਼ਮੀਨ ਅਲਾਟ ਕਰੇਗੀ
04 ਪੱਤਰਕਾਰਾਂ ਨੂੰ ਸੂਬੇ ਦੇ ਅਤੇ ਰਾਸ਼ਟਰੀ ਰਾਜਮਾਰਗਾਂ 'ਤੇ ਟੋਲ ਫਰੀ ਯਾਤਰਾ ਦੀ ਮਨਜ਼ੂਰੀ ਦਿੱਤੀ ਜਾਵੇਗੀ
05 ਮੀਡੀਆ ਕਰਮੀਆਂ ਲਈ 10 ਲੱਖ ਰੁਪਏ ਦਾ ਸਿਹਤ ਅਤੇ ਜੀਵਨ ਬੀਮਾ ਕਵਰ
06 ਪੱਤਰਕਾਰਾਂ ਨੂੰ ਪੈਨਸ਼ਨ ਸਕੀਮ ਤਹਿਤ ਕਵਰ ਕੀਤਾ ਜਾਵੇਗਾ



# ਸੀਨੀਅਰ ਸਿਟੀਜ਼ਨ

01 ਬੁਢਾਪਾ ਪੈਨਸ਼ਨ ਨੂੰ ਵਧਾ ਕੇ ਪ੍ਰਤੀ ਮਹੀਨਾ 3100 ਰੁਪਏ ਕੀਤਾ ਜਾਵੇਗਾ

02 ਸੂਬਾ ਸਰਕਾਰ ਦੁਆਰਾ ਲੋੜਵੰਦ ਸੀਨੀਅਰ ਸਿਟੀਜ਼ਨਾਂ ਲਈ ਬਹੁ-ਉਦੇਸ਼ੀ ਸੀਨੀਅਰ ਸਿਟੀਜ਼ਨ ਹੋਮਜ਼ ਦੇ ਨਾਲ-ਨਾਲ ਡੇ-ਕੇਅਰ ਹੋਮ ਦੀ ਸਥਾਪਨਾ

03 ਸੂਬਾ ਸਰਕਾਰ ਸੀਨੀਅਰ ਸਿਟੀਜ਼ਨਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਸਖ਼ਤ ਅਤੇ ਪ੍ਰਭਾਵੀ ਕਦਮ ਚੁੱਕੇਗੀ

04 ਮਾਤਾ-ਪਿਤਾ ਅਤੇ ਸੀਨੀਅਰ ਸਿਟੀਜ਼ਨਾਂ ਦੀ ਸਾਂਭ-ਸੰਭਾਲ ਅਤੇ ਭਲਾਈ ਐਕਟ 2007 ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇਗਾ। ਜ਼ਿਲ੍ਹਾ ਕਮੇਟੀਆਂ ਯੋਜਨਾ ਨੂੰ ਲਾਗੂ ਕਰਨਾ ਯਕੀਨੀ ਬਣਾਉਣਗੀਆਂ

05 ਬਜ਼ੁਰਗ ਨਾਗਰਿਕਾਂ ਦੀ ਭਲਾਈ ਲਈ ਵੱਖਰਾ ਡਾਇਰੈਕਟੋਰੇਟ

# ਸਾਬਕਾ ਸੈਨਿਕ ਭਲਾਈ ਯੋਜਨਾਵਾਂ

01 ਸਾਬਕਾ ਸੈਨਿਕਾਂ ਦੀ ਭਲਾਈ ਲਈ ਕਮਿਸ਼ਨ ਦੀ ਸਥਾਪਨਾ

02 ਸਾਬਕਾ ਸੈਨਿਕਾਂ ਨੂੰ ਹੁਨਰਮੰਦ ਕਾਮਿਆਂ ਦੀ ਸੂਚੀ ਵਿੱਚ ਲਿਆਂਦਾ ਜਾਵੇਗਾ

03 ਸਾਰੇ ਜ਼ਿਲ੍ਹਿਆਂ ਵਿੱਚ ਸੈਨਿਕ ਭਲਾਈ ਦਫ਼ਤਰ ਖੋਲ੍ਹੇ ਜਾਣਗੇ

04 ਗਣਤੰਤਰ ਦਿਵਸ ਅਤੇ ਸੁਤੰਤਰਤਾ ਦਿਵਸ ਸਮਾਗਮਾਂ 'ਤੇ ਸ਼ਹੀਦਾਂ ਦੇ ਪਰਿਵਾਰਾਂ ਦਾ ਸਨਮਾਨ ਕਰੇਗੀ ਸੂਬਾ ਸਰਕਾਰ

05 ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ 1-1 ਕਰੋੜ ਰੁਪਏ ਦੀ ਸਰਕਾਰੀ ਸਹਾਇਤਾ ਅਤੇ ਸ਼ਹੀਦ ਜਵਾਨ ਤੇ ਨਿਰਭਰ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ

06 ਸੂਬਾ ਸਰਕਾਰ ਇਹ ਯਕੀਨੀ ਬਣਾਏਗੀ ਕਿ ਸਾਰੇ ਸਾਬਕਾ ਸੈਨਿਕਾਂ ਨੂੰ ਟੋਲ ਟੈਕਸ ਤੋਂ ਛੋਟ ਦਿੱਤੀ ਜਾਵੇ

07 ਹਰ ਲੋੜਵੰਦ ਸਾਬਕਾ ਸੈਨਿਕਾਂ ਨੂੰ ਮੁਫ਼ਤ ਟਿਊਬਵੈੱਲ ਕੁਨੈਕਸ਼ਨ

08 1962,1965 ਅਤੇ 1971 ਦੀਆਂ ਜੰਗਾਂ ਦੇ 55 ਜੰਗੀ ਕੈਦੀ, ਜੋ ਹਾਲੇ ਵੀ ਚੀਨ ਅਤੇ ਪਾਕਿਸਤਾਨ ਦੇ ਕੋਲ ਹਨ, ਉਨ੍ਹਾਂ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਲਈ ਭਾਰਤ ਸਰਕਾਰ ਨਾਲ ਤਾਲਮੇਲ ਕਰਕੇ ਦੋਨੋਂ ਦੇਸ਼ਾਂ ਤੋਂ ਕੈਦੀਆਂ ਦੀ ਰਿਹਾਈ ਦੇ ਯਤਨ ਕਰਾਂਗੇ

09 ਸੂਬਾ ਸਰਕਾਰ 1984 ਵਿੱਚ ਅਸਾਧਾਰਨ ਹਾਲਾਤਾਂ ਦੇ ਮੱਦੇਨਜ਼ਰ ਨਿਯਮਾਂ ਵਿੱਚ ਢਿੱਲ ਦੇ ਕੇ ਪੈਨਸ਼ਨਰੀ ਲਾਭਾਂ ਲਈ ਇੱਕ ਵਾਰ ਦੀ ਰਾਹਤ ਤਹਿਤ ਧਰਮੀ ਫੌਜੀਆਂ ਦੇ ਕੇਸ ਨੂੰ ਭਾਰਤ ਸਰਕਾਰ ਕੋਲ ਉਠਾਏਗੀ

# ਐੱਨ.ਆਰ.ਆਈ.

01 ਪੰਜਾਬ ਦੇ ਪ੍ਰਵਾਸੀ ਭਾਰਤੀਆਂ ਨੂੰ ਹਰ ਪ੍ਰਕਾਰ ਦੀ ਸਹਾਇਤਾ ਲਈ ਸਰਕਾਰ ਸਾਰਿਆਂ ਲਈ ਸਿੰਗਲ ਵਿੰਡੋ ਸਰਵਿਸ ਪੋਰਟਲ ਨੂੰ ਨਵਾਂ ਰੂਪ ਦੇਵੇਗੀ ਅਤੇ ਐੱਨ.ਆਰ.ਆਈ ਭਾਈਚਾਰੇ ਲਈ ਸਮਰਪਿਤ ਜ਼ਿਲ੍ਹਾਵਾਰ ਇੱਕ ਵਿਆਪਕ ਡਾਟਾਬੇਸ ਵਾਲੇ ਐੱਨ.ਆਰ.ਆਈ ਮਦਦ ਕੇਂਦਰ ਸਥਾਪਿਤ ਕਰੇਗੀ

02 ਸਰਕਾਰ ਐੱਨ.ਆਰ.ਆਈਜ਼ ਦੀ ਜ਼ਮੀਨ ਹੜੱਪਣ ਦੇ ਮਾਮਲਿਆਂ 'ਤੇ ਸਖ਼ਤ ਕਾਨੂੰਨ ਲਿਆਵੇਗੀ

03 ਸਰਕਾਰ ਪੰਜਾਬ ਦੇ ਪ੍ਰਵਾਸੀ ਭਾਰਤੀਆਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਸੂਬੇ ਦੇ ਐੱਨ.ਆਰ.ਆਈ ਵਿਭਾਗ ਅਤੇ ਉਨ੍ਹਾਂ ਨਾਲ ਸੰਬੰਧਿਤ ਦੇਸ਼ ਦੀ ਸਰਕਾਰ ਨਾਲ ਤਾਲਮੇਲ ਲਈ ਯੂਰਪੀਅਨ ਅਤੇ ਪੱਛਮੀ ਸ਼ਹਿਰਾਂ ਵਿੱਚ ਵਨ ਸਟਾਪ ਕੇਂਦਰਾਂ ਦੀ ਤਰਜ਼ 'ਤੇ ਪ੍ਰਵਾਸੀ ਸੰਪਰਕ ਕੇਂਦਰ/ਨਾਗਰਿਕ ਸੰਪਰਕ ਕੇਂਦਰਾਂ ਦੀ ਸਥਾਪਨਾ ਕਰੇਗੀ



# ਪੇਂਡੂ ਪੰਜਾਬ ਲਈ ਇਨਕਲਾਬੀ ਨਜ਼ਰੀਆ

01 ਸ਼ਹਿਰੀ ਖੇਤਰਾਂ ਦੀ ਤਰਜ਼ ’ਤੇ ਸਾਰੇ ਪਿੰਡਾਂ ਵਿੱਚ ਸੀਵਰੇਜ ਵਿਵਸਥਾ ਅਤੇ ਪਾਣੀ ਦੀ ਸਪਲਾਈ

02 ਸਾਰੇ ਪਿੰਡਾਂ ਵਿੱਚ ਐੱਲ.ਈ.ਡੀ. ਲਾਈਟਾਂ ਲਗਾਈਆਂ ਜਾਣਗੀਆਂ

03 ਸਾਰੇ 12,500 ਪਿੰਡਾਂ ਵਿੱਚ ਕੰਕਰੀਟ ਦੀਆਂ ਗਲੀਆਂ

04 ਸਰਕਾਰ ਪਿੰਡ ਵਾਸੀਆਂ ਲਈ ਵਿਗਿਆਨਕ ਢੰਗ ਨਾਲ ਕੂੜਾ ਅਤੇ ਪਸ਼ੂਆਂ ਦੇ ਗੋਹੇ-ਕੂੜੇ ਦੇ ਨਿਪਟਾਰੇ ਲਈ ਹਰ ਪਿੰਡ ਵਿੱਚ ਪਲਾਟ ਖਰੀਦੇਗੀ

05 ਪਿੰਡਾਂ ਦੀਆਂ ਪੰਚਾਇਤਾਂ ਨੂੰ ਛੱਪੜਾਂ ਦੀ ਮੁਰੰਮਤ ਅਤੇ ਨਵੀਨੀਕਰਨ ਲਈ ਵਿਸ਼ੇਸ਼ ਗ੍ਰਾਂਟਾਂ

06 ਹਰੇਕ ਪਿੰਡ ਵਿੱਚ ਖੇਡ ਮੈਦਾਨ ਬਣਾਏ ਜਾਣਗੇ

07 ਸਾਰੇ ਪਿੰਡਾਂ ਦੇ ਖੇਡ ਕਲੱਬਾਂ ਨੂੰ ਵਿੱਤੀ ਸਹਾਇਤਾ ਦਿੱਤੀ ਜਾਵੇਗੀ

# ਪੰਚਾਇਤਾਂ

01 ਸਰਪੰਚਾਂ ਨੂੰ ਦਸਤਖ਼ਤ ਕਰਨ ਦੇ ਅਧਿਕਾਰ ਤਹਿਤ ਮਿਲਦੀ 25 ਹਜ਼ਾਰ ਰੁਪਏ ਦੀ ਰਕਮ ਨੂੰ ਵਧਾ ਕੇ 50 ਹਜ਼ਾਰ ਰੁਪਏ ਕਰਾਂਗੇ

02 ਸਾਰੇ ਸਰਪੰਚਾਂ, ਪੰਚਾਂ ਅਤੇ ਨੰਬਰਦਾਰਾਂ ਨੂੰ ਟੋਲ ਟੈਕਸ ਤੋਂ ਛੋਟ

03 ਨਗਰ ਨਿਗਮ ਦੀ ਤਰਜ਼ 'ਤੇ ਪਿੰਡਾਂ ਵਿੱਚ ਸਫ਼ਾਈ ਅਤੇ ਬਾਕੀ ਕੰਮਾਂ ਲਈ ਟਰੈਕਟਰ ਟਰਾਲੀਆਂ ਲੈਣ ਲਈ ਪੰਚਾਇਤਾਂ ਦੀ ਮਦਦ ਕਰਾਂਗੇ

04 ਸਰਪੰਚਾਂ ਨੂੰ 2500 ਰੁਪਏ ਪ੍ਰਤੀ ਮਹੀਨਾ ਮਾਣ ਭੱਤਾ ਦਿੱਤਾ ਜਾਵੇਗਾ

05 ਛੋਟੇ ਕਿਸਾਨਾਂ ਨੂੰ ਮਨਰੇਗਾ ਸਕੀਮ ਅਧੀਨ ਲਿਆਉਣ ਲਈ ਉਪਰਾਲੇ ਕਰਾਂਗੇ

06 ਅਧਿਕਾਰੀਆਂ ਵੱਲੋਂ ਪੰਚਾਇਤੀ ਫੰਡਾਂ ਦੀ ਹੋ ਰਹੀ ਲੁੱਟ ਨੂੰ ਰੋਕਿਆ ਜਾਵੇਗਾ

07 ਪੰਚਾਇਤਾਂ ਅਤੇ ਨੰਬਰਦਾਰਾਂ ਦੀਆਂ ਹੋਰ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ



# ਕੰਢੀ ਖੇਤਰ ਦਾ ਵਿਕਾਸ

01 ਕੰਢੀ ਖੇਤਰ ਦੇ ਵਿਕਾਸ ਲਈ ਇੱਕ ਵੱਖਰਾ ਮੰਤਰਾਲਾ ਅਤੇ ਸਲਾਹਕਾਰੀ ਬੋਰਡ
02 ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ ਕੰਢੀ ਖੇਤਰ ਵਿੱਚ ਇੱਕ ਨਵੀਂ ਨਹਿਰ ਦੀ ਉਸਾਰੀ
03 ਕੰਢੀ ਖੇਤਰ ਦੀਆਂ ਬਸਤੀਆਂ ਵਿੱਚ ਸੀਵਰੇਜ ਦੀ ਸਹੂਲਤ
04 ਲਿਫ਼ਟ ਸਿੰਚਾਈ ਪ੍ਰੋਜੈਕਟ ਸਥਾਪਿਤ ਕੀਤੇ ਜਾਣਗੇ
05 ਅਵਾਰਾ ਪਸ਼ੂਆਂ ਦੇ ਖ਼ਤਰੇ ਨਾਲ ਨਜਿੱਠਣ ਲਈ ਕੰਡਿਆਲੀ ਤਾਰ ਨੂੰ ਲਗਾਉਣ ਲਈ 15,000 ਰੁਪਏ ਪ੍ਰਤੀ ਏਕੜ ਸਹਾਇਤਾ ਦੇਵਾਂਗੇ

# ਸਰਹੱਦੀ ਖੇਤਰ ਦੇ ਵਿਕਾਸ ਲਈ ਸਹੂਲਤਾਂ

01 ਸਰਹੱਦੀ ਖੇਤਰ ਦੇ ਸਰਵਪੱਖੀ ਵਿਕਾਸ ਲਈ ਸਰਹੱਦੀ ਖੇਤਰ ਵਿਕਾਸ ਬੋਰਡ ਦਾ ਗਠਨ ਕੀਤਾ ਜਾਵੇਗਾ
02 ਸਰਹੱਦੀ ਕੰਡਿਆਲੀ ਤਾਰ ਤੋਂ ਪਾਰ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਮਾਲਕੀ ਹੱਕ ਯਕੀਨੀ ਬਣਾਉਣ ਲਈ ਯਤਨ ਕੀਤੇ ਜਾਣਗੇ
03 ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਰੱਖਣ ਵਾਲੇ ਸਾਰੇ ਕਿਸਾਨਾਂ ਨੂੰ 15,000 ਰੁਪਏ ਪ੍ਰਤੀ ਏਕੜ ਪ੍ਰਤੀ ਸਾਲ ਮੁਆਵਜ਼ਾ ਦਿੱਤਾ ਜਾਵੇਗਾ
04 ਸਰਹੱਦੀ ਖੇਤਰਾਂ ਵਿੱਚ ਉਦਯੋਗਿਕ ਖੇਤਰ ਨੂੰ ਵਿਸ਼ੇਸ਼ ਯੋਜਨਾਵਾਂ ਨਾਲ ਪ੍ਰੋਤਸਾਹਿਤ ਕੀਤਾ ਜਾਵੇਗਾ
05 ਪਾਕਿਸਤਾਨ ਨਾਲ ਵਪਾਰ ਨੂੰ ਸੁਖਾਲਾ ਬਣਾਉਣ ਲਈ ਹੁਸੈਨੀਵਾਲਾ ਸਰਹੱਦ ਨੂੰ ਖੋਲ੍ਹਣ ਅਤੇ ਏਕੀਕ੍ਰਿਤ ਚੈਕ ਪੋਸਟ ਦੀ ਸਥਾਪਨਾ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ
06 ਸਰਹੱਦ ਪਾਰ ਤੋਂ ਹੋਣ ਵਾਲੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਰੋਕਣ ਲਈ ਸਾਰੇ ਸਰਹੱਦੀ ਪੁਲਿਸ ਸਟੇਸ਼ਨ ਆਧੁਨਿਕ ਨਿਗਰਾਨੀ ਯੰਤਰਾਂ ਸਮੇਤ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹੋਣਗੇ
07 ਇੱਕ ਏਕੀਕ੍ਰਿਤ ਸਰਹੱਦੀ ਖੇਤਰ ਬੁਨਿਆਦੀ ਢਾਂਚਾ ਵਿਕਾਸ ਪੈਕੇਜ ਪੇਸ਼ ਕੀਤਾ ਜਾਵੇਗਾ, ਜਿਸਦਾ ਉਦੇਸ਼ ਸਰਹੱਦ ਦੇ ਨੇੜੇ ਪੈਂਦੇ ਬਲਾਕਾਂ ਵਿੱਚ ਬੁਨਿਆਦੀ ਢਾਂਚੇ ਦਾ ਸਰਵਪੱਖੀ ਵਿਕਾਸ ਕਰਨਾ ਹੋਵੇਗਾ
08 ਸਥਾਨਕ ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਕੁਝ ਪਿੰਡਾਂ ਨੂੰ ਮਾਡਲ ਪਿੰਡਾਂ ਵਜੋਂ ਅਪਗ੍ਰੇਡ ਕੀਤਾ ਜਾਵੇਗਾ





# ਆੜ੍ਹਤੀਆ ਭਾਈਚਾਰਾ

01 ਆੜ੍ਹਤੀਆਂ ਨੂੰ ਸਰਕਾਰੀ ਏਜੰਸੀਆਂ ਵੱਲੋਂ ਖਰੀਦੀ ਗਈ ਫ਼ਸਲ ’ਤੇ 2.5 ਫ਼ੀਸਦੀ ਕਮਿਸ਼ਨ ਮਿਲੇਗਾ

02 ਹੋਰ ਸਾਰੀਆਂ ਮੰਗਾਂ ’ਤੇ ਹਮਦਰਦੀ ਤਹਿਤ ਵਿਚਾਰ ਕਰਨ ਲਈ ਤਾਲਮੇਲ ਕਮੇਟੀ ਦਾ ਗਠਨ

# ਰੀਅਲ ਐਸਟੇਟ

01 ‘ਬਿਲਡ ਪੰਜਾਬ ਏਜੰਸੀ’- 45 ਦਿਨਾਂ ਦੇ ਅੰਦਰ-ਅੰਦਰ ਸਾਰੀਆਂ ਰੀਅਲ ਐਸਟੇਟ/ਨਿਰਮਾਣ ਇਜਾਜ਼ਤਾਂ ਲਈ ਸਿੰਗਲ ਵਿੰਡੋ ਸਿਸਟਮ

02 ਈ.ਡੀ.ਸੀ. ਅਤੇ ਰਜਿਸਟਰੀ ਫ਼ੀਸ ਵਿੱਚ 50% ਦੀ ਕਟੌਤੀ

03 ਰੀਅਲ ਐਸਟੇਟ ਪ੍ਰਮੋਸ਼ਨ ਡਾਇਰੈਕਟੋਰੇਟ ਦੀ ਸਥਾਪਨਾ

# ਵਿਸ਼ੇਸ਼ ਸੁਵਿਧਾਵਾਂ

01 ਪੂਰਵਾਂਚਲ ਭਾਈਚਾਰਾ ਵੈਲਫੇਅਰ ਬੋਰਡ ਦਾ ਗਠਨ ਕੀਤਾ ਜਾਵੇਗਾ

02 ਗੁੱਜਰ ਭਾਈਚਾਰਾ ਵੈਲਫੇਅਰ ਬੋਰਡ ਬਣਾਇਆ ਜਾਵੇਗਾ

03 ਖਟੀਕ ਅਤੇ ਰੇਗਰ ਸਮਾਜ ਭਲਾਈ ਬੋਰਡ ਦਾ ਗਠਨ ਕੀਤਾ ਜਾਵੇਗਾ

04 ਕੋਰੋਨਾ ਯੋਧਿਆਂ ਨੂੰ ਉਚਿਤ ਸਨਮਾਨ ਅਤੇ ਇਨਾਮ ਦਿੱਤੇ ਜਾਣਗੇ

05 ਡਿੱਪੂ ਹੋਲਡਰਾਂ ਨੂੰ ਕਣਕ ਦੀ ਵਿਕਰੀ ਸੰਬੰਧੀ ਕਮਿਸ਼ਨ ਨੂੰ ਤਰਕਸੰਗਤ ਬਣਾਇਆ ਜਾਵੇਗਾ

06 ਡਿੱਪੂ ਹੋਲਡਰਾਂ ਨੂੰ ਮਾਣ ਭੱਤਾ ਦਿੱਤਾ ਜਾਵੇਗਾ

07 ਡਿਊਟੀ ਦੌਰਾਨ ਜ਼ਖਮੀ ਜਾਂ ਮਰਨ ਵਾਲੇ ਸਫ਼ਾਈ ਕਰਮਚਾਰੀਆਂ ਲਈ ਵਿੱਤ ਸਹਾਇਤਾ ਜਾਂ ਐਕਸ-ਗ੍ਰੇਸ਼ੀਆ ਦਿੱਤਾ ਜਾਵੇਗਾ

08 ਜ਼ਮੀਨੀ ਵਰਤੋਂ ਦੇ ਮਾਪਦੰਡਾਂ ਵਿੱਚ ਤਬਦੀਲੀ ਕਰਕੇ ਨਿੱਜੀ ਅਦਾਰਿਆਂ ਲਈ ਤਰਕਸੰਗਤ ਬਣਾਇਆ ਜਾਵੇਗਾ ਤਾਂ ਜੋ ਘੱਟ ਫ਼ੀਸ ਵਸੂਲ ਕੇ ਵਿਦਿਆਰਥੀਆਂ ਨੂੰ ਲਾਭ ਦਿੱਤਾ ਜਾ ਸਕੇ

09 ਪ੍ਰਾਈਵੇਟ ਤੌਰ ’ਤੇ ਪ੍ਰਬੰਧਿਤ ਮਾਨਤਾ ਪ੍ਰਾਪਤ ਕਾਲਜਾਂ ਦੀ ਸਹਾਇਤਾ ਲਈ ਗ੍ਰਾਂਟਾਂ ਪੁਰਾਣੇ ਪੈਟਰਨ ’ਤੇ ਮੁੜ ਸ਼ੁਰੂ ਕੀਤੀਆਂ ਜਾਣਗੀਆਂ

10 ਸਰਕਾਰ ਪ੍ਰਾਈਵੇਟ ਸਕੂਲਾਂ ਤੋਂ ਵਸੂਲੇ ਜਾ ਰਹੇ ਸਪੋਰਟਸ ਫੰਡ ਨੂੰ ਮੁਆਫ਼ ਕਰੇਗੀ

11 ਛੱਠ ਪੂਜਾ ਦੀ ਸਹੂਲਤ ਲਈ ਢੁੱਕਵੇਂ ਜਲ ਭੰਡਾਰਾਂ ਦਾ ਨਿਰਮਾਣ ਕਰਨਾ

12 ਫਗਵਾੜਾ ਅਤੇ ਖੰਨਾ ਨੂੰ ਸੂਬੇ ਦੇ ਦੋ ਨਵੇਂ ਜ਼ਿਲ੍ਹੇ ਬਣਾਏ ਜਾਣਗੇ

13 ਹਰ ਸ਼ਹਿਰ ਵਿੱਚ ਉਸਾਰੀ ਮਜ਼ਦੂਰਾਂ/ਕਾਮਿਆਂ ਲਈ ਵਿਸ਼ੇਸ਼ ਸ਼ੈੱਡਾਂ ਦੀ ਉਸਾਰੀ




LUDHIANA
SEWA KENDRA
ਸੇਵਾ ਕੇਂਦਰ
Firozpur

ਜੋ ਕਿਹਾ, ਉਹ ਕੀਤਾ

# ਜੋ ਕਹਾਂਗੇ ਉਹ ਕਰਾਂਗੇ

ਸ਼੍ਰੋਮਣੀ ਅਕਾਲੀ ਦਲ
ਦਫ਼ਤਰ ਬਲਾਕ 6,ਸੈਕਟਰ-28ਬੀ, ਮੱਧਿਆ ਮਾਰਗ
ਚੰਡੀਗੜ੍ਹ-160028

www.shiromaniakalidal.com
info@shiromaniakalidal.com

ਜਾਰੀ ਕਰਤਾ: - ਸਕੱਤਰ ਸ਼੍ਰੋਮਣੀ ਅਕਾਲੀ ਦਲ